Excellence in Agri Info
KHETI DUNIYAN, PATIALA

ਭਾਰਤ ਦਾ ਇੱਕੋ-ਇੱਕ ਹਫਤਾਵਾਰੀ ਪੰਜਾਬੀ ਖੇਤੀਬਾੜੀ ਅਖ਼ਬਾਰ

# ਖੇਤੀ ਦੁਨੀਆਂ

Rs.10/-

www.khetiduniyan.in

Postage Regd. No. PB/PTA/0338/2025-2027

Editor : Jagpreet Singh • RNI 42269/83 (PUNPUN00806) • Issue Dated 28-02-2026 • Vol.44 No.09 • M. 90410-14575 • Page 16 E-mail : khetiduniyan1983@gmail.com

# ਕਣਕ ਦੀ ਫ਼ਸਲ ਦਾ ਉੱਚ ਤਾਪਮਾਨ ਤੋਂ ਕਰੀਏ ਬਚਾਅ

## ਫ਼ਸਲ ਨੂੰ ਹਲਕਾ ਪਾਣੀ ਲਗਾਉਣ ਅਤੇ ਪੋਟਾਸ਼ੀਅਮ ਨਾਈਟ੍ਰੇਟ ਦੀ ਸਪਰੇਅ ਕਰਨ ਨਾਲ ਉੱਚ ਤਾਪਮਾਨ ਦੇ ਮਾੜੇ ਪ੍ਰਭਾਵ ਤੋਂ ਬਚਾਅ ਹੁੰਦਾ ਹੈ....

ਪੰਜਾਬ ਵਿੱਚ ਲਗਭਗ 95 ਫੀਸਦ ਰਕਬੇ 'ਤੇ ਮੌਜੂਦਾ ਸੀਜ਼ਨ ਵਿੱਚ ਕਣਕ ਦੀ ਬਿਜਾਈ 25 ਅਕਤੂਬਰ ਤੋਂ 15 ਨਵੰਬਰ ਤੱਕ ਗੀਤੀ ਗਈ ਸੀ, ਜੋ ਕਿ ਕਣਕ ਦੀ



ਬਿਜਾਈ ਦਾ ਢੁੱਕਵਾਂ ਸਮਾਂ ਹੈ। ਕਣਕ, ਖਾਸ ਕਰਕੇ ਦਾਣੇ ਪੈਣ ਸਮੇਂ, ਉੱਚ ਤਾਪਮਾਨ ਲਈ ਵਧੇਰੇ ਸੰਵੇਦਨਸ਼ੀਲ ਹੈ। ਇਸ ਸਮੇਂ ਦਾਣਿਆਂ ਦੇ ਭਾਰ 'ਤੇਉੱਚ ਤਾਪਮਾਨ ਦਾ ਮਾੜਾ ਪ੍ਰਭਾਵ ਪੈਂਦਾ ਹੈ, ਜਿਸ ਦੇ ਨਤੀਜੇ ਵਜੋਂ ਕਣਕ ਦੇ ਝਾੜ ਅਤੇ ਗੁਣਵੱਤਾ ਵਿੱਚ ਗਿਰਾਵਟ ਆਉਂਦੀ ਹੈ। ਵੱਧ ਤਾਪਮਾਨ ਕਾਰਨ ਹਲਕੀ ਤੋਂ ਦਰਮਿਆਨੀ ਜ਼ਮੀਨ 'ਤੇ ਬੀਜੀ ਅਗੇਤੀ ਕਣਕ ਦੀ ਫ਼ਸਲ ਛੇਤੀ ਸਿੱਟੇ ਕੱਢ ਲੈਂਦੀ ਹੈ ਅਤੇ ਪੱਕ ਜਾਂਦੀ ਹੈ, ਜਿਸ ਕਰਕੇ ਦਾਣੇ ਮਾੜੇ ਰਹਿ ਜਾਂਦੇ ਹਨ। ਫਰਵਰੀ ਦੇ ਦੂਜੇ ਹਫਤੇ ਵਿੱਚ ਪਿਛਲੇ ਸਾਲ ਨਾਲੋਂ 2-4 ਡਿਗਰੀ ਤਾਪਮਾਨ ਵੱਧ ਦੇਖਿਆ ਗਿਆ ਹੈ।

ਫ਼ਸਲ ਵਿਗਿਆਨ ਵਿਭਾਗ ਦੇ ਮੁਖੀ ਡਾ. ਹਰੀ ਰਾਮ ਕਹਿੰਦੇ ਹਨ ਕਿ ਜਿਹੜੀ ਫ਼ਸਲ ਅਜੇ ਗੋਭ ਵਾਲੇ ਪੱਤੇ 'ਤੇ ਹੈ, ਉਸ ਨੂੰ ਵੱਧ ਤਾਪਮਾਨ ਤੋਂ ਬਚਾਉਣ ਲਈ 2 ਫੀਸਦ ਪੋਟਾਸ਼ੀਅਮ ਨਾਈਟ੍ਰੇਟ (13:0:4) (4 ਕਿਲੋ ਪੋਟਾਸ਼ੀਅਮ ਨਾਈਟ੍ਰੇਟ ਨੂੰ 200 ਲੀਟਰ ਪਾਣੀ ਵਿੱਚ ਮਿਲਾ ਕੇ) ਪਹਿਲਾਂ ਸਪਰੇਅ ਗੋਭ ਵਾਲਾ ਪੱਤਾ ਨਿਕਲਣ ਅਤੇ ਦੂਜਾ ਬੂਰ ਪੈਣ ਸਮੇਂ ਸਪਰੇਅ ਕਰ ਸਕਦੇ ਹੋ। ਯਾਦ ਰਹੇ ਕਿ ਇਹ ਘੋਲ 200 ਲੀਟਰ ਦਾ ਬਣਾਇਆ ਜਾਵੇ ਅਤੇ ਸਪਰੇਅ ਸ਼ਾਮ ਦੇ ਸਮੇਂ ਕਰਨੀ ਚਾਹੀਦੀ ਹੈ। ਫ਼ਸਲ ਨੂੰ ਹਲਕਾ ਪਾਣੀ ਲਗਾਉਣ ਅਤੇ ਪੋਟਾਸ਼ੀਅਮ ਨਾਈਟ੍ਰੇਟ (13 : 0 : 45) ਦੀ ਸਪਰੇਅ ਕਰਨ ਨਾਲ ਉੱਚ ਤਾਪਮਾਨ ਦੇ ਮਾੜੇ ਪ੍ਰਭਾਵ ਤੋਂ ਕਾਫ਼ੀ ਹੱਦ ਤੱਕ ਬਚਾਇਆ ਜਾ ਸਕਦਾ ਹੈ।

### ਹਵਾ ਦੀ ਗਤੀ ਦਾ ਰੱਖਿਆ ਜਾਵੇ ਧਿਆਨ

ਮੌਜੂਦਾ ਹਾਲਾਤ ਤਹਿਤ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੇ ਪਸਾਰ ਸਿੱਖਿਆ ਵਿਭਾਗ ਦੇ ਡਾਇਰੈਕਟਰ ਡਾ. ਮੱਖਣ ਸਿੰਘ ਭੁੱਲਰ ਨੇ ਕਿਸਾਨਾਂ ਨੂੰ ਸਲਾਹ ਦਿੱਤੀ ਹੈ ਕਿ ਕਣਕ ਦੀ ਫ਼ਸਲ ਨੂੰ ਹਲਕਾ ਪਾਣੀ ਲਾਇਆ ਜਾਵੇ। ਸਿੰਚਾਈ ਕਰਨ ਲੱਗਿਆਂ ਹਵਾ ਦੀ ਗਤੀ ਦਾ ਧਿਆਨ ਰੱਖਿਆ ਜਾਵੇ ਤਾਂ ਕਿ ਫ਼ਸਲ ਨੂੰ ਡਿੱਗਣ ਤੋਂ ਬਚਾਇਆ ਜਾ ਸਕੇ।

## ਕਣਕ ਦਾ ਉਤਪਾਦਨ ਮਾਰਚ ਵਿੱਚ ਮੌਸਮ ਤੇ ਤਾਪਮਾਨ 'ਤੇ ਨਿਰਭਰ : ਡਾ. ਰਾਜਬੀਰ ਯਾਦਵ



ਮੌਸਮ ਅਨੁਕੂਲ ਹੋਣ, ਠੰਢ ਅਤੇ ਮੀਂਹ ਪੈਣ ਨਾਲ ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਵੱਲੋਂ ਕਣਕ ਦਾ ਰਿਕਾਰਡ ਉਤਪਾਦਨ (185-186 ਲੱਖ ਟਨ ਤੱਕ) ਹੋਣ ਦਾ ਅੰਦਾਜਾ ਲਗਾਇਆ ਗਿਆ ਹੈ। ਜੋ ਹੁਣ ਪਿਛਲੇ ਕੁਝ ਦਿਨਾਂ ਤੋਂ ਤਾਪਮਾਨ ਵਧਣ ਤੇ ਗਰਮੀ ਪੈਣ ਕਾਰਨ ਝਾੜ ਪ੍ਰਭਾਵਿਤ ਹੋਣ ਦਾ ਕਾਰਨ ਬਣ ਗਿਆ ਹੈ। ਭਾਰਤੀ ਖੇਤੀਬਾੜੀ ਖੋਜ ਸੰਸਥਾ (ਆਈ. ਸੀ. ਏ. ਆਰ.) ਨਵੀਂ ਦਿੱਲੀ ਦੇ ਕਣਕ ਦੇ ਮੁੱਖੀ ਬਰੀਡਰ ਡਾ. ਰਾਜਬੀਰ ਯਾਦਵ ਅਨੁਸਾਰ ਜੋ ਤਾਪਮਾਨ ਪਿਛਲੇ ਕੁਝ ਦਿਨਾਂ ਤੋਂ 2-4 ਡਿਗਰੀ ਸੈਲਸੀਅਸ ਹੇਠਾਂ-ਉੱਪਰ ਹੋ ਰਿਹਾ ਹੈ, ਉਸ ਨਾਲ ਅਜੇ ਉਤਪਾਦਨ ਅਤੇ ਝਾੜ ਘਟਣ ਦੀ ਕੋਈ ਖਾਸ ਸੰਭਾਵਨਾ ਨਹੀਂ। ਪਿੱਛੇ ਜੋ ਮੌਸਮ ਰਿਹਾ ਹੈ, ਉਸ ਨੇ ਕਣਕ ਨੂੰ ਬਹੁਤ ਫਾਇਦਾ ਪਹੁੰਚਾਇਆ ਹੈ। ਕਿਸਾਨਾਂ ਵੱਲੋਂ ਸਮੇਂ ਸਿਰ ਪੂਰੀ ਮਿਕਦਾਰ ਵਿੱਚ ਪਾਏ ਗਏ ਰਸਾਇਣਿਕ ਖਾਦ ਅਤੇ ਹੋਰ ਸਮੱਗਰੀ ਕਾਰਨ ਵੀ ਕਣਕ ਆਸ਼ਾਜਨਕ ਖੜ੍ਹੀ ਹੈ। ਪੀ. ਏ. ਯੂ. ਅਤੇ ਆਈ. ਏ. ਆਰ. ਆਈ. ਤੋਂ ਸਨਮਾਨਿਤ ਅਤੇ ਭਾਰਤ ਸਰਕਾਰ ਤੋਂ ਕ੍ਰਿਸ਼ੀ ਕਰਮਨ ਪੁਰਸਕਾਰ ਲੈਣ ਵਾਲੇ ਬਿਸ਼ਨਪੁਰ ਛੰਨਾ ਦੇ ਅਗਾਂਹਵਧੂ ਕਿਸਾਨ ਰਾਜਮੋਹਨ ਸਿੰਘ ਕਾਲੇਕਾ ਤੇ ਡਾ. ਯਾਦਵ ਦਾ ਕਹਿਣਾ ਹੈ ਕਿ ਮਾਰਚ ਦਾ ਤਾਪਮਾਨ ਕਣਕ ਦੇ ਉਤਪਾਦਨ ਦਾ ਫੈਸਲਾ ਕਰੇਗਾ। ਜੋ ਪੀ. ਏ. ਯੂ., ਆਈ. ਏ. ਆਰ. ਆਈ. ਅਤੇ ਭਾਰਤ ਦੇ ਕਣਕ ਤੇ ਜੌਆਂ ਦੇ ਖੋਜ ਸੰਸਥਾਨ ਨੇ ਕਣਕ ਦੀਆਂ ਕਿਸਮਾਂ ਵਿਕਸਿਤ ਕੀਤੀਆਂ ਹਨ, ਉਨ੍ਹਾਂ ਵਿੱਚ ਗਰਮੀ ਨੂੰ ਬਰਦਾਸ਼ਤ ਕਰਨ ਦੀ ਸ਼ਕਤੀ ਹੈ। ਉਹ ਕਿਸਾਨਾਂ ਨੇ ਵੱਡੇ ਪੱਧਰ 'ਤੇ ਅਪਣਾਈਆਂ ਹਨ ਅਤੇ ਇਸ ਸਾਲ ਗੁੱਲੀ ਡੰਡਾ ਵੀ ਤਕਰੀਬਨ ਨਾਬੂਦ ਹੈ। ਗੁੱਲੀ ਡੰਡਾ 40 ਫੀਸਦੀ ਤੱਕ ਝਾੜ ਘਟਾਉਣ ਲਈ ਹਾਵੀ ਹੁੰਦਾ ਹੈ। ਕਿਸਾਨ ਗੈਨੇਕਸਾ ਵਰਗੇ ਕੁਦਰਤੀ ਪੌਦ ਸੁਰੱਖਿਆ ਸਪਰੇਅ ਵੀ ਕਰ ਰਹੇ ਹਨ। ਇੰਦਰਪੁਰਾ ਦੇ ਕਿਸਾਨ ਸੌਰਵ ਕੁਮਾਰ ਕਹਿੰਦੇ ਹਨ ਕਿ ਇਨ੍ਹਾਂ ਸਪਰੇਆਂ ਦਾ ਫ਼ਸਲ ਨੂੰ ਬੜਾ ਸਿਹਤਆਬ ਅਸਰ ਹੋਇਆ ਹੈ। ਫਰਵਰੀ ਦੇ ਦੂਜੇ ਪੰਦਰਵਾੜੇ ਤੋਂ ਬਾਅਦ ਤਾਪਮਾਨ ਕੁਝ ਵਧਣ ਨਾਲ ਸਿੰਜਾਈ ਦੀ ਲੋੜ ਵਧੀ ਹੈ, ਜੋ ਪੀ. ਏ. ਯੂ. ਵੱਲੋਂ ਜਾਰੀ ਕੀਤੀ ਗਈ ਸਲਾਹਕਾਰੀ ਵਿੱਚ ਵੀ ਕਿਸਾਨਾਂ ਨੂੰ ਹਲਕਾ-ਹਲਕਾ ਪਾਣੀ ਲਾਉਣ ਲਈ ਕਿਹਾ ਗਿਆ ਹੈ। ਜੇ ਮਾਰਚ ਵਿੱਚ ਤਾਪਮਾਨ 35 ਡਿਗਰੀ ਸੈਲਸੀਅਸ ਤੱਕ ਪਹੁੰਚ ਜਾਂਦਾ ਹੈ ਅਤੇ ਹੋਰ ਵਧਣਾ ਸ਼ੁਰੂ ਹੋ ਜਾਂਦਾ ਹੈ, ਤਾਂ ਕਣਕ ਦਾ ਦਾਣਾ ਸੁੱਕੜਨਾ ਸ਼ੁਰੂ ਹੋ ਜਾਵੇਗਾ ਅਤੇ ਝਾੜ 'ਤੇ ਮਾੜਾ ਅਸਰ ਪਵੇਗਾ।




## ਪੰਜਾਬ ਸਰਕਾਰ ਵੱਲੋਂ 132 ਲੱਖ ਟਨ ਕਣਕ ਖਰੀਦਣ ਦਾ ਟੀਚਾ

ਪੰਜਾਬ ਸਰਕਾਰ ਨੇ ਕਣਕ ਦੇ ਆਗਾਮੀ ਸੀਜ਼ਨ ਨੂੰ ਧਿਆਨ ਵਿੱਚ ਰੱਖਦਿਆਂ ਖਰੀਦ ਪ੍ਰਬੰਧ ਸੁਚਾਰੂ ਢੰਗ ਨਾਲ ਚਲਾਉਣ ਲਈ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਹਨ। ਇਸ ਵਾਰ ਸਰਕਾਰ ਨੇ 132 ਲੱਖ ਟਨ ਕਣਕ ਦੀ ਖਰੀਦ ਦਾ ਟੀਚਾ ਮਿਥਿਆ ਹੈ। ਇਹ ਖਰੀਦ 2585 ਰੁਪਏ ਪ੍ਰਤੀ ਕੁਇੰਟਲ ਦੇ ਘੱਟੋ-ਘੱਟ ਸਮਰਥਨ ਮੁੱਲ (ਐਮ. ਐਸ. ਪੀ.) 'ਤੇ ਕੀਤੀ ਜਾਵੇਗੀ। ਇਸ ਸੰਬੰਧੀ ਖੇਤੀਬਾੜੀ ਤੇ ਕਿਸਾਨ ਭਲਾਈ ਮੰਤਰੀ ਗੁਰਮੀਤ ਸਿੰਘ ਖੁੱਡੀਆਂ, ਖੁਰਾਕ ਸਪਲਾਈ ਮੰਤਰੀ ਲਾਲ ਚੰਦ ਕਟਾਰੂਚੱਕ, ਜਲ ਸਰੋਤ ਮੰਤਰੀ ਬਰਿੰਦਰ ਕੁਮਾਰ ਗੋਇਲ ਅਤੇ ਆਵਾਜਾਈ ਮੰਤਰੀ ਲਾਲਜੀਤ ਸਿੰਘ ਭੁੱਲਰ ਨੇ ਮੀਟਿੰਗ ਵਿੱਚ ਦੱਸਿਆ ਕਿ ਪੰਜਾਬ ਵਿੱਚ ਕਣਕ ਦੀ ਖਰੀਦ ਪਹਿਲੀ ਅਪਰੈਲ ਤੋਂ ਸ਼ੁਰੂ ਹੋਣ ਦੀ ਸੰਭਾਵਨਾ ਹੈ। ਇਸ ਲਈ ਸੂਬਾ ਸਰਕਾਰ ਨੇ ਤਿਆਰੀਆਂ ਮੁਕੰਮਲ ਕਰ ਲਈਆਂ ਹਨ। ਨਿਰਵਿਘਨ ਖਰੀਦ ਯਕੀਨੀ ਬਣਾਉਣ ਲਈ 3,91,320 ਪਲਾਸਟਿਕ ਦੇ ਕਰੇਟਾਂ ਦਾ ਆਰਡਰ ਦਿੱਤਾ ਗਿਆ ਸੀ, ਜਿਨ੍ਹਾਂ ਵਿੱਚੋਂ 2,31,055 ਪ੍ਰਾਪਤ ਹੋ ਚੁੱਕੇ ਹਨ ਅਤੇ ਬਾਕੀ ਮਾਰਚ ਤੱਕ ਮਿਲ ਜਾਣਗੇ। ਇਸ ਤੋਂ ਇਲਾਵਾ 6,75,000 ਲੱਕੜ ਦੇ ਕਰੇਟਾਂ ਦਾ ਵੀ ਪ੍ਰਬੰਧ ਕੀਤਾ ਗਿਆ ਹੈ। ਫ਼ਸਲ ਨੂੰ ਸੁਰੱਖਿਅਤ ਰੱਖਣ ਲਈ ਐਲ. ਡੀ. ਪੀ. ਈ. (ਤਰਪਾਲਾਂ) ਦੇ ਕਵਰ ਵੀ ਮੰਗਵਾਏ ਗਏ ਹਨ। ਆੜ੍ਹਤੀਆਂ

**ਖਰੀਦ 2585 ਰੁਪਏ ਪ੍ਰਤੀ ਕੁਇੰਟਲ ਦੇ ਘੱਟੋ-ਘੱਟ ਸਮਰਥਨ ਮੁੱਲ (ਐਮ. ਐਸ. ਪੀ.) 'ਤੇ ਕੀਤੀ ਜਾਵੇਗੀ**

ਵੱਲੋਂ ਕਮਿਸ਼ਨ ਦੀਆਂ ਦਰਾਂ 45 ਰੁਪਏ ਤੋਂ ਵਧਾ ਕੇ 64 ਰੁਪਏ ਪ੍ਰਤੀ ਕੁਇੰਟਲ ਕਰਨ ਦੀ ਮੰਗ ਕੇਂਦਰ ਸਰਕਾਰ ਕੋਲ ਚੁੱਕੀ ਜਾ ਰਹੀ ਹੈ। ਉਨ੍ਹਾਂ ਸਟੋਰੇਜ ਸਪੇਸ ਨੂੰ ਲੈ ਕੇ ਚਿੰਤਾ ਪ੍ਰਗਟਾਉਂਦਿਆਂ ਕਿਹਾ ਕਿ ਅਗਸਤ 2025 ਤੋਂ ਭਾਰਤੀ ਖੁਰਾਕ ਨਿਗਮ (ਐਫ. ਸੀ. ਆਈ.) ਹਰ ਮਹੀਨੇ 5 ਲੱਖ ਟਨ ਕਣਕ ਅਤੇ ਚੌਲ ਚੁੱਕ ਰਹੀ ਹੈ, ਜਦੋਂਕਿ ਢੁੱਕਵੀਂ ਜਗ੍ਹਾ ਬਣਾਉਣ ਲਈ ਨਵੇਂ ਸੀਜ਼ਨ ਲਈ ਹਰ ਮਹੀਨੇ ਘੱਟੋ-ਘੱਟ 15 ਲੱਖ ਟਨ ਕਣਕ ਦੀ ਚੁਕਾਈ ਹੋਣੀ ਜ਼ਰੂਰੀ ਹੈ। ਇਸ ਮੁੱਦੇ 'ਤੇ ਕੇਂਦਰ ਨਾਲ ਰਾਬਤਾ ਕਾਇਮ ਕੀਤਾ ਜਾ ਰਿਹਾ ਹੈ।

### ਬਹਾਰ ਰੁੱਤ ਦੀਆਂ ਫ਼ਸਲਾਂ ਵਿੱਚ

# ਪਾਣੀ ਦੀ ਬੱਚਤ ਲਈ ਤੁਪਕਾ ਸਿੰਚਾਈ ਅਤੇ ਪਰਾਲੀ ਦੀ ਮਲਚਿੰਗ

ਸੁਖਪ੍ਰੀਤ ਸਿੰਘ, ਵਿਨੈ ਕੁਮਾਰ ਸਿੱਧੂ ਅਤੇ ਅਜਮੇਰ ਸਿੰਘ ਬਰਾੜ,
ਫ਼ਸਲ ਵਿਗਿਆਨ ਵਿਭਾਗ, ਪੀ. ਏ. ਯੂ., ਲੁਧਿਆਣਾ (ਮੋਬਾਇਲ 81468-00557)



ਬਹਾਰ ਰੁੱਤ ਦੀਆਂ ਫ਼ਸਲਾਂ ਵਿੱਚ ਤੁਪਕਾ ਸਿੰਚਾਈ ਪ੍ਰਣਾਲੀ ਰਾਹੀਂ ਸਿੰਚਾਈ ਵਾਲੇ ਪਾਣੀ ਦੀ ਕੁਸ਼ਲ ਵਰਤੋਂ ਨਾਲ ਜ਼ਮੀਨੀ ਪਾਣੀ ਦੇ ਪੱਧਰ ਵਿੱਚ ਗਿਰਾਵਟ ਨੂੰ ਰੋਕਿਆ ਜਾ ਸਕਦਾ ਹੈ ਅਤੇ ਸੂਬੇ ਵਿੱਚ ਬਿਜਲੀ ਸਬਸਿਡੀਆਂ ਘਟਾਈਆਂ ਜਾ ਸਕਦੀਆਂ ਹਨ। ਤੁਪਕਾ ਸਿੰਚਾਈ ਪ੍ਰਣਾਲੀ ਪੌਦਿਆਂ ਦੀਆਂ ਜੜ੍ਹਾਂ ਨੇੜੇ ਸਹੀ ਸਮੇਂ ਤੇ ਅਤੇ ਸਹੀ ਢੰਗ ਨਾਲ ਪਾਣੀ ਅਤੇ ਖੁਰਾਕੀ ਤੱਤ ਡਰਿੱਪ ਲਾਈਨ ਰਾਹੀਂ ਸਪਲਾਈ ਕਰਦੀ ਹੈ ਅਤੇ ਫ਼ਸਲਾਂ ਦੇ ਵਾਧੇ ਦੇ ਪੂਰੇ ਸਮੇਂ ਦੌਰਾਨ ਪਾਣੀ ਅਤੇ ਖੁਰਾਕੀ ਤੱਤਾਂ ਦੀ ਸਪਲਾਈ ਨੂੰ ਯਕੀਨੀ ਬਣਾਉਂਦੀ ਹੈ। ਇਹ ਲੇਬਰ ਦੀ ਬੱਚਤ ਕਰਨ, ਹਵਾ-ਮਿੱਟੀ-ਪਾਣੀ ਦੇ ਸੰਬੰਧਾਂ ਨੂੰ ਅਨੁਕੂਲ ਬਣਾਉਣ ਅਤੇ ਫ਼ਸਲਾਂ ਦੀ ਉਤਪਾਦਕਤਾ ਨੂੰ ਵਧਾਉਣ ਵਿੱਚ ਵੀ ਮਦਦ ਕਰਦੀ ਹੈ। ਤੁਪਕਾ ਸਿੰਚਾਈ ਪ੍ਰਣਾਲੀ ਰਾਹੀਂ ਫ਼ਰਟੀਗੇਸ਼ਨ ਕਰਨ ਨਾਲ ਝਾੜ ਨੂੰ ਪ੍ਰਭਾਵਿਤ ਕੀਤੇ ਬਗੈਰ ਖਾਦ ਦੀ ਵਰਤੋਂ ਨੂੰ ਲਗਭਗ 20 ਫ਼ੀਸਦੀ ਤੱਕ ਘਟਾਇਆ ਜਾ ਸਕਦਾ ਹੈ। ਰਾਜ ਸਰਕਾਰ ਵੱਲੋਂ ਤੁਪਕਾ ਸਿੰਚਾਈ ਪ੍ਰਣਾਲੀ ਨੂੰ ਉਤਸ਼ਾਹਿਤ ਕਰਨ ਲਈ ਸਬਸਿਡੀ ਦਾ ਪ੍ਰਬੰਧ ਵੀ ਕੀਤਾ ਹੋਇਆ ਹੈ।

ਸਾਰਨੀ 1. ਬਹਾਰ ਰੁੱਤ ਦੀਆਂ ਫ਼ਸਲਾਂ ਨੂੰ ਤੁਪਕਾ ਸਿੰਚਾਈ ਵਿਧੀ ਰਾਹੀਂ ਪਾਣੀ ਲਗਾਉਣ ਦਾ ਮਹੀਨੇਵਾਰ ਸਮਾਂ (ਜੇ ਡਰਿੱਪਰ ਦਾ ਡਿਸਚਾਰਜ ਰੇਟ 2.2 ਲਿਟਰ ਪ੍ਰਤੀ ਘੰਟਾ ਹੈ)

| ਮਹੀਨਾ | ਬਹਾਰ ਰੁੱਤ ਦੀ ਮੱਕੀ | ਮੈਂਥਾ | ਸੂਰਜਮੁਖੀ |
|---|---|---|---|
| | ਸਿੰਚਾਈ ਦਾ ਸਮਾਂ (ਮਿੰਟ)* | | |
| ਫ਼ਰਵਰੀ | 22 | - | - |
| ਮਾਰਚ | 64 | 40 | 35 |
| ਅਪ੍ਰੈਲ | 120 | 65 | 75 |
| ਮਈ | 130 | 70 | 86 |
| ਜੂਨ | - | 75 | - |

ਜੇ ਡਰਿੱਪਰ ਦਾ ਡਿਸਚਾਰਜ ਵੱਖਰਾ ਹੋਵੇ ਤਾਂ ਸਿੰਚਾਈ ਦਾ ਸਮਾਂ ਹੇਠ ਦੱਸੇ ਫਾਰਮੂਲੇ ਨਾਲ ਕੱਢਿਆ ਜਾ ਸਕਦਾ ਹੈ :
ਸਮਾਂ = (2.2 × ਸਿੰਚਾਈ ਦਾ ਸਮਾਂ (ਮਿੰਟ)*) × ਡਰਿੱਪਰ ਦੀ ਪਾਣੀ ਕੱਢਣ ਦੀ ਸਮਰੱਥਾ (ਲਿਟਰ ਪ੍ਰਤੀ ਘੰਟਾ)

**ਬਹਾਰ ਰੁੱਤ ਦੀ ਮੱਕੀ** : ਇਸ ਫ਼ਸਲ ਦੀ ਕਾਸ਼ਤ ਸਿਰਫ਼ ਤੁਪਕਾ ਸਿੰਚਾਈ ਨਾਲ ਕਰੋ। ਇਸਦੀ ਮੱਕੀ ਦੀ ਬਿਜਾਈ 20 ਜਨਵਰੀ ਤੋਂ 15 ਫ਼ਰਵਰੀ ਤੱਕ ਕਰਨੀ ਚਾਹੀਦੀ ਹੈ। ਧਰਤੀ ਦੀ ਸਤ੍ਹਾ ਉੱਤੇ ਤੁਪਕਾ ਸਿੰਚਾਈ ਦੀ ਵਰਤੋਂ ਕਰਨ ਲਈ ਖਾਲੀ ਦੇ ਕੇਂਦਰ ਤੋਂ ਕੇਂਦਰ ਦੀ



1.20 ਮੀਟਰ ਦੀ ਦੂਰੀ ਰੱਖ ਕੇ ਚੌੜੇ ਬੈੱਡ ਬਣਾਏ ਜਾਂਦੇ ਹਨ। ਇਹ ਬੈੱਡ ਟੌਪ 80 ਸੈਂਟੀਮੀਟਰ ਚੌੜੇ ਹੁੰਦੇ ਹਨ ਅਤੇ ਬੈੱਡ ਤੋਂ ਬੈੱਡ ਦਾ ਫ਼ਾਸਲਾ 40 ਸੈਂਟੀਮੀਟਰ ਦਾ ਹੁੰਦਾ ਹੈ। ਚੌੜੇ ਬੈੱਡਾਂ ਤੇ ਮੱਕੀ ਦੀਆਂ ਦੋ ਕਤਾਰਾਂ 60 ਸੈਂਟੀਮੀਟਰ ਦੀ ਦੂਰੀ ਤੇ ਬੂਟੇ ਤੋਂ ਬੂਟੇ ਦਾ ਫ਼ਾਸਲਾ 20 ਸੈਂਟੀਮੀਟਰ ਰੱਖਦੇ ਹੋਏ ਬੀਜੀਆਂ ਜਾਂਦੀਆਂ ਹਨ। ਮੱਕੀ ਦੀਆਂ ਦੋ ਕਤਾਰਾਂ ਵਿੱਚ ਇੱਕ ਡਰਿੱਪ ਲਾਈਨ ਦੀ ਵਰਤੋਂ ਕਰਨੀ ਚਾਹੀਦੀ ਹੈ ਜਿਸ ਵਿੱਚ ਡਰਿੱਪਰ ਦਾ ਫ਼ਾਸਲਾ 30 ਸੈਮੀ. ਹੋਵੇ। ਮੱਕੀ ਦੇ ਬੈੱਡ ਯੂ. ਵੀ. ਸਟੈਬਲਾਈਜਰ 25 ਮਾਈਕ੍ਰੋਨ (23 ਗ੍ਰਾਮ ਪ੍ਰਤੀ ਵਰਗ ਮੀਟਰ) ਦੀ ਮੋਟਾਈ ਵਾਲੀ ਕਾਲੇ ਰੰਗ ਦੀ ਪਲਾਸਟਿਕ ਸ਼ੀਟ ਨਾਲ ਢਕੇ ਜਾਂਦੇ ਹਨ। ਦਰਮਿਆਨੀਆਂ ਜ਼ਮੀਨ ਵਿੱਚ ਬੀਜੀ ਮੱਕੀ ਲਈ 80 ਕਿਲੋ ਯੂਰੀਆ, 32 ਕਿਲੋ ਮੋਨੋ ਅਮੋਨੀਅਮ ਫ਼ਾਸਫੇਟ ਅਤੇ 16 ਕਿਲੋ ਮਿਊਰੇਟ ਆਫ਼ ਪੋਟਾਸ਼ (ਸਫ਼ੇਦ) ਪ੍ਰਤੀ ਏਕੜ ਦੀ ਸਿਫ਼ਾਰਸ਼ ਕੀਤੀ ਜਾਂਦੀ ਹੈ। ਮੱਕੀ ਦੀ ਬਿਜਾਈ ਤੋਂ 12 ਦਿਨ ਬਾਅਦ ਫਰਟੀਗੇਸ਼ਨ ਸ਼ੁਰੂ ਕਰ ਦੇਣੀ ਚਾਹੀਦੀ ਹੈ। 25% ਖਾਦਾਂ ਪਹਿਲੇ ਮਹੀਨੇ ਕਿਸ਼ਤਾਂ ਵਿੱਚ ਹਫ਼ਤੇ-ਹਫ਼ਤੇ ਦੇ ਵਕਫੇ 'ਤੇ ਅਤੇ ਬਾਕੀ ਰਹਿੰਦੀਆਂ ਖਾਦਾਂ ਮਈ ਦੇ ਪਹਿਲੇ ਹਫ਼ਤੇ ਤੱਕ ਹਫ਼ਤੇ-ਹਫ਼ਤੇ ਦੇ ਵਕਫੇ 'ਤੇ ਬਰਾਬਰ ਕਿਸ਼ਤਾਂ ਵਿੱਚ ਪਾਉਣੀਆਂ ਚਾਹੀਦੀਆਂ ਹਨ। ਪਾਣੀ ਦੀ ਬੱਚਤ ਲਈ ਪਲਾਸਟਿਕ ਸ਼ੀਟ ਦੀ ਥਾਂ 30 ਕੁਇੰਟਲ ਪ੍ਰਤੀ ਏਕੜ ਝੋਨੇ ਦੀ ਪਰਾਲੀ ਇਕਸਾਰ ਵਿਛਾ ਦਿਉ। ਪਰਾਲੀ ਦੀ ਮਲਚਿੰਗ ਮਿੱਟੀ ਵਿੱਚ ਨਮੀ ਨੂੰ ਸੰਭਾਲ ਕੇ ਰੱਖਦੀ ਹੈ, ਵਾਸ਼ਪੀਕਰਨ ਦੀ ਦਰ ਨੂੰ ਘਟਾਉਂਦੀ ਹੈ ਅਤੇ ਨਦੀਨਾਂ ਦੇ ਵਾਧੇ ਨੂੰ ਰੋਕਦੀ ਹੈ।

**ਮੈਂਥਾ** : ਮੈਂਥਾ ਇੱਕ ਲੰਬਾ ਸਮਾਂ (ਅਖੀਰ ਜਨਵਰੀ ਤੋਂ ਅਖੀਰ ਜੂਨ) ਚੱਲਣ ਵਾਲੀ ਫ਼ਸਲ ਹੈ ਜਿਸ ਨੂੰ ਵੱਧ ਸਿੰਚਾਈਆਂ ਦੀ ਲੋੜ ਪੈਂਦੀ ਹੈ। ਤੁਪਕਾ ਸਿੰਚਾਈ ਲਈ, ਮੈਂਥੇ ਦੀਆਂ 2 ਕਤਾਰਾਂ ਨੂੰ 22.5 ਸੈਂਟੀਮੀਟਰ ਦੀ ਵਿੱਥ ਰੱਖਦੇ ਹੋਏ 37.5 ਸੈਂਟੀਮੀਟਰ ਚੌੜੇ ਬੈੱਡਾਂ ਤੇ ਬੀਜਣਾ ਚਾਹੀਦਾ ਹੈ। ਇੱਕ ਬੈੱਡ ਤੇ ਦੋ ਕਤਾਰਾਂ ਨੂੰ ਸਿੰਜਣ ਲਈ ਹਰੇਕ ਬੈੱਡ ਤੇ ਇੱਕ ਲੇਟਰਲ ਪਾਈਪ ਵਿਛਾਈ ਜਾਂਦੀ ਹੈ, ਜਿਸ ਤੇ 30 ਸੈਂਟੀਮੀਟਰ ਦੀ ਵਿੱਥ ਤੇ 2.2 ਲੀਟਰ ਪ੍ਰਤੀ ਘੰਟਾ ਪਾਣੀ ਕੱਢਣ ਦੀ ਸਮਰੱਥਾ ਵਾਲੇ ਡਰਿੱਪਰ ਲੱਗੇ ਹੋਣ। ਮੈਂਥੇ ਨੂੰ 3 ਦਿਨਾਂ ਦੇ ਵਕਫ਼ੇ ਤੇ ਸਾਰਨੀ ਨੰ. 1 ਵਿੱਚ ਲਿਖੇ ਅਨੁਸਾਰ ਪਾਣੀ ਲਾਉਣਾ ਚਾਹੀਦਾ ਹੈ। ਮੈਂਥੇ ਦੇ ਪਹਿਲੇ ਕੱਟ ਲਈ, ਤੁਪਕਾ ਸਿੰਚਾਈ ਵਿਧੀ ਨਾਲ ਪਾਣੀ ਦੇ ਨਾਲ ਹੀ 24 ਕਿਲੋ ਨਾਈਟ੍ਰੋਜਨ ਅਤੇ 12.8 ਕਿਲੋ ਫ਼ਾਸਫੋਰਸ ਪ੍ਰਤੀ ਏਕੜ ਨੂੰ 10 ਬਰਾਬਰ ਕਿਸ਼ਤਾਂ ਵਿੱਚ ਵੰਡ ਕੇ ਪਾਉਣਾ ਚਾਹੀਦਾ ਹੈ। ਪਹਿਲਾ 1/10 ਹਿੱਸਾ ਬਿਜਾਈ ਤੋਂ ਤੁਰੰਤ ਬਾਅਦ ਪਹਿਲੇ ਪਾਣੀ ਦੇ ਨਾਲ ਅਤੇ ਬਾਕੀ ਬਚਦੇ 9 ਹਿੱਸਿਆਂ ਨੂੰ ਬਿਜਾਈ ਤੋਂ ਇੱਕ ਮਹੀਨੇ ਬਾਅਦ 9 ਦਿਨਾਂ ਦੇ ਵਕਫੇ ਤੇ ਪਾਉਣਾ ਚਾਹੀਦਾ ਹੈ। ਨਾਈਟ੍ਰੋਜਨ ਅਤੇ ਫ਼ਾਸਫੋਰਸ ਲਈ ਕ੍ਰਮਵਾਰ ਯੂਰੀਆ (46%) ਅਤੇ ਮੋਨੋ ਅਮੋਨੀਅਮ ਫ਼ਾਸਫੇਟ (12-61-0) ਦਾ ਇਸਤੇਮਾਲ ਕਰਨਾ ਚਾਹੀਦਾ ਹੈ ਕਿਉਂਕਿ ਇਹ ਪਾਣੀ ਵਿੱਚ ਅਸਾਨੀ ਨਾਲ ਘੁਲਣਸ਼ੀਲ ਹਨ। ਪਾਣੀ ਦੀ ਬੱਚਤ ਅਤੇ ਵਧੇਰੇ ਝਾੜ ਲੈਣ ਲਈ 24 ਕੁਇੰਟਲ ਪ੍ਰਤੀ ਏਕੜ ਝੋਨੇ ਦੀ ਪਰਾਲੀ ਖੇਤ ਵਿੱਚ ਪਾਓ।

ਸਾਰਨੀ 2 : ਸਾਧਾਰਣ ਸਿੰਚਾਈ ਦੇ ਮੁਕਾਬਲੇ ਤੁਪਕਾ ਸਿੰਚਾਈ ਵਿਧੀ ਅਪਣਾਉਣ ਨਾਲ ਪਾਣੀ ਅਤੇ ਖਾਦਾਂ ਦੀ ਬੱਚਤ ਅਤੇ ਝਾੜ ਵਿੱਚ ਵਾਧਾ

| ਫ਼ਸਲਾਂ | ਪਾਣੀ ਦੀ ਬੱਚਤ (%) | ਖਾਦਾਂ ਦੀ ਬੱਚਤ (%) | ਝਾੜ ਵਿੱਚ ਵਾਧਾ (%) |
|---|---|---|---|
| ਬਹਾਰ ਰੁੱਤ ਦੀ ਮੱਕੀ | 39 | 20 | 17 |
| ਮੈਂਥਾ | 36 | 20 | 25 |
| ਸੂਰਜਮੁਖੀ | 33 | 20 | 22 |

**ਸੂਰਜਮੁਖੀ** : ਸੂਰਜਮੁਖੀ ਨੂੰ 60 ਸੈਂਟੀਮੀਟਰ ਵਿੱਥ ਤੇ ਬਣਾਈਆਂ ਵੱਟਾਂ ਉੱਪਰ ਬੂਟੇ ਤੋਂ ਬੂਟੇ ਵਿਚਕਾਰ 30 ਸੈਂਟੀਮੀਟਰ ਦਾ ਫ਼ਾਸਲਾ ਰੱਖ ਕੇ ਬੀਜਣਾ ਚਾਹੀਦਾ ਹੈ। ਬਿਜਾਈ ਤੋਂ ਬਾਅਦ ਹਰ ਇੱਕ ਵੱਟ ਉੱਪਰ ਲੇਟਰਲ ਪਾਈਪ ਵਿਛਾਉ ਜਿਸ ਤੇ 30 ਸੈਂਟੀਮੀਟਰ ਦੀ ਦੂਰੀ ਤੇ ਡਰਿੱਪਰ ਲੱਗੇ ਹੋਣ। ਬਿਜਾਈ ਤੋਂ ਇੱਕ ਮਹੀਨੇ ਬਾਅਦ ਤਿੰਨ ਦਿਨਾਂ ਦੇ ਵਕਫੇ ਤੇ ਪਾਣੀ ਲਾਉਣਾ ਚਾਹੀਦਾ ਹੈ। ਜੇਕਰ ਡਰਿੱਪਰ ਦੀ 2.2 ਲੀਟਰ ਪਾਣੀ ਪ੍ਰਤੀ ਘੰਟਾ ਕੱਢਣ ਦੀ ਸਮੱਰਥਾ ਹੋਵੇ ਤਾਂ ਸੂਰਜਮੁਖੀ ਨੂੰ ਵੱਖ-ਵੱਖ ਮਹੀਨਿਆਂ ਵਿੱਚ ਪਾਣੀ ਲਾਉਣ ਦਾ ਸਮਾਂ ਸਾਰਨੀ ਨੰ. 1 ਅਨੁਸਾਰ ਹੈ। ਇਸ ਵਿਧੀ ਵਿੱਚ 8 ਕਿਲੋਗ੍ਰਾਮ ਯੂਰੀਆ ਅਤੇ 12 ਕਿਲੋਗ੍ਰਾਮ ਸੁਪਰਫਾਸਫੇਟ ਪ੍ਰਤੀ ਏਕੜ ਬਿਜਾਈ ਵੇਲੇ ਪਾਈ ਜਾਂਦੀ ਹੈ। ਜੇ ਮਿੱਟੀ ਦੀ ਪਰਖ ਮੁਤਾਬਕ ਪੋਟਾਸ਼ ਦੀ ਘਾਟ ਹੈ ਤਾਂ 20 ਕਿਲੋ ਮਿਊਰੇਟ ਆਫ਼ ਪੋਟਾਸ਼ ਪ੍ਰਤੀ ਏਕੜ ਦੀ ਬਿਜਾਈ ਵੇਲੇ ਪਾ ਦੇਣੀ ਚਾਹੀਦੀ ਹੈ। ਹੁਸ਼ਿਆਰਪੁਰ ਅਤੇ ਸ਼ਹੀਦ ਭਗਤ ਸਿੰਘ ਨਗਰ ਜ਼ਿਲ੍ਹਿਆਂ ਵਿੱਚ 40 ਕਿਲੋ ਮਿਊਰੇਟ ਆਫ਼ ਪੋਟਾਸ਼ ਪ੍ਰਤੀ ਏਕੜ ਦੀ ਵਰਤੋਂ ਕਰਨੀ ਚਾਹੀਦੀ ਹੈ। ਬਿਜਾਈ ਤੋਂ ਇੱਕ ਮਹੀਨੇ ਬਾਅਦ ਸ਼ੁਰੂ ਕਰਕੇ 32 ਕਿਲੋ ਯੂਰੀਆ ਅਤੇ 12 ਲਿਟਰ ਓਰਥੋਫਾਸਫੋਰਿਕ ਐਸਿਡ (88%) 5 ਬਰਾਬਰ ਕਿਸ਼ਤਾਂ ਵਿੱਚ ਤੁਪਕਾ ਸਿੰਚਾਈ ਰਾਹੀਂ ਅਗਲੇ 45 ਦਿਨਾਂ ਤੱਕ ਵਰਤਣਾ ਚਾਹੀਦਾ ਹੈ।

ਸੁਭਾਸ਼ ਬਣਿਆ ਨੌਜਵਾਨਾਂ ਲਈ ਰਾਹ ਦਸੇਰਾ

## ਵਿਦੇਸ਼ ਵਾਪਸ ਜਾਣ ਦੀ ਜਗ੍ਹਾ ਇੱਥੇ ਮੁਰਗੀ ਫਾਰਮ ਖੋਲ੍ਹ ਕੇ ਕਮਾ ਰਿਹਾ ਲੱਖਾਂ ਰੁਪਏ

ਪੰਜਾਬ ਛੱਡ ਸੱਤ ਸਮੁੰਦਰਾਂ ਤੋਂ ਪਾਰ ਵਿਦੇਸ਼ਾਂ ਵਿੱਚ ਜਾ ਕੇ ਆਪਣੇ ਚੰਗੇਰੇਭਵਿੱਖ ਲਈ ਜਿੱਥੇ ਪੰਜਾਬ ਦੀ ਨੌਜਵਾਨੀ ਵਿੱਚ ਧੜਾਧੜ ਦੌੜ ਲੱਗੀ ਹੋਈ ਹੈ, ਉੱਥੇ ਹੀ ਅਜਿਹੇ ਨੌਜਵਾਨਾਂ ਦੀ ਵੀ ਕੋਈ ਕਮੀ ਨਹੀਂ, ਜਿਹੜੇ ਇੱਥੇ ਰਹਿ ਕੇ ਹੀ ਆਪਣੇ ਚੰਗੇਰੇ ਭਵਿੱਖ ਲਈ ਮਿਹਨਤ ਕਰਕੇ ਦੂਸਰਿਆਂ ਲਈ ਰਾਹ ਦਸੇਰਾ ਬਣ ਰਹੇ ਹਨ।


ਜ਼ਿਲ੍ਹਾ ਗੁਰਦਾਸਪੁਰ ਦੇ ਪਿੰਡ ਭੈਣੀ ਬਾਂਗਰ ਦੇ ਐਨਆਰਆਈ ਨੌਜਵਾਨ ਸੁਭਾਸ਼ ਸਿੰਘ ਪੁੱਤਰ ਅਜੀਤ ਸਿੰਘ ਨੇ ਨਵੀਆਂ ਪੈੜਾਂ ਪਾਉਂਦਿਆਂ ਪੋਲਟਰੀ ਫਾਰਮ ਦਾ ਕੰਮ ਸ਼ੁਰੂ ਕਰ ਕੇ ਮਿਸਾਲ ਪੈਦਾ ਕੀਤੀ ਹੈ। ਕੁਝ ਸਾਲ ਵਿਦੇਸ਼ਾਂ ਵਿੱਚ ਕੰਮ ਕਰਨ ਤੋਂ ਬਾਅਦ ਉਸ ਨੇ ਸੋਚਿਆ ਕਿਉਂ ਨਾ ਆਪਣੇ ਦੇਸ਼ ਵਿੱਚ ਆਪਣਾ ਹੀ ਕੋਈ ਕੰਮ ਸ਼ੁਰੂ ਕੀਤਾ ਜਾਵੇ, ਜਿਸ ਤੋਂ ਬਾਅਦ ਸੁਭਾਸ਼ ਸਿੰਘ ਨੇ ਗੁਰਦਾਸਪੁਰ ਵਿਖੇ ਐਗਰੀਕਲਚਰ ਦਫਤਰ ਨਾਲ ਰਾਬਤਾ ਕਾਇਮ ਕੀਤਾ ਅਤੇ ਉਹਨਾਂ ਕੋਲੋਂ ਪੋਲਟਰੀ ਫਾਰਮ ਸੰਬੰਧੀ ਜਾਣਕਾਰੀ ਪ੍ਰਾਪਤ ਕੀਤੀ। ਉਸ ਨੇ ਦੱਸਿਆ ਕਿ ਉਸ ਨੇ ਇੱਕ ਸ਼ੈੱਡ ਬਣਾ ਕੇ ਉਸ ਵਿੱਚ ਚੂਚੇ ਪਾ ਕੇ ਆਪਣੇ ਛੋਟੇ ਭਰਾ ਸਮੇਤ ਪਰਿਵਾਰ ਦੇ ਸਹਿਯੋਗ ਨਾਲ ਲਗਾਤਾਰ ਮਿਹਨਤ ਕਰਦਿਆਂ ਉਸ ਨੇ ਡਬਲ ਸ਼ੈੱਡ ਬਣਾ ਕੇ ਮੁਰਗੀ ਪਾਲਣ ਦਾ ਕੰਮ ਸ਼ੁਰੂ ਕੀਤਾ ਅਤੇ ਆਪਣੇ ਛੋਟੇ ਭਰਾ ਦਵਿੰਦਰ ਸਿੰਘ ਸਮੇਤ ਪਰਿਵਾਰ ਦੇ ਸਹਿਯੋਗ ਨਾਲ ਇੱਕ ਸਫ਼ਲ ਕਿਸਾਨ ਸਾਬਤ ਹੋਇਆ।

ਉਸ ਨੇ ਦੱਸਿਆ ਕਿ ਇਸ ਕਿੱਤੇ ਤੋਂ ਜੇਕਰ ਮੁਨਾਫਾ ਲੈਣਾ ਹੈ ਤਾਂ ਖੁਦ ਹੀ ਸਖ਼ਤ ਮਿਹਨਤ ਕਰਨੀ ਪੈਂਦੀ ਹੈ। ਉਨ੍ਹਾਂ ਦੱਸਿਆ ਕਿ ਜੇਕਰ ਪੂਰੀ ਜਾਣਕਾਰੀ ਲੈ ਕੇ ਕੰਮ ਕੀਤਾ ਜਾਵੇ ਤਾਂ ਪੋਲਟਰੀ ਫਾਰਮ ਲਾਹੇਵੰਦ ਧੰਦਾ ਹੈ। ਉਸ ਨੇ ਕਿਹਾ ਕਿ ਅਸੀਂ ਪੋਲਟਰੀ ਫਾਰਮ ਦੇ ਨਾਲ-ਨਾਲ ਨਸਲੀ ਬੱਕਰੀਆਂ ਅਤੇ ਗਾਵਾਂ ਵੀ ਤਿਆਰ ਕਰ ਰਹੇ ਹਾਂ। ਉਨ੍ਹਾਂ ਦੱਸਿਆ ਕਿ ਉਹ ਤਿੰਨ ਭਰਾ ਹਨ। ਇੱਕ ਕਾਰਪੇਂਟਰ ਹੈ ਅਤੇ ਅਸੀਂ ਦੋ ਭਰਾ ਇਸ ਵੇਲੇ ਦੋ ਮੰਜ਼ਿਲਾਂ ਮੁਰਗੀ ਫਾਰਮ ਖੋਲ੍ਹ ਕੇ ਵਧੀਆ ਕਮਾਈ ਕਰ ਰਹੇ ਹਾਂ। ਉਨ੍ਹਾਂ ਨੌਜਵਾਨਾਂ ਨੂੰ ਵੀ ਆਪਣੇ ਦੇਸ਼ ਵਿੱਚ ਕਿਰਤ ਕਰਨ ਲਈ ਕਿਹਾ। ਪੋਲਟਰੀ ਫਾਰਮ ਵਿੱਚ ਚੂਚੇ ਕੰਪਨੀ ਹੀ ਪਾ ਕੇ ਦਿੰਦੀ ਹੈ ਅਤੇ ਸਾਨੂੰ ਇਹਨਾਂ ਦੀ ਸਾਂਭ ਸੰਭਾਲ ਲਈ ਕਮਿਸ਼ਨ ਦਿੰਦੀ ਹੈ। ਫੀਡ ਤੋਂ ਲੈ ਕੇ ਡਾਕਟਰ ਤੱਕ ਕੰਪਨੀ ਦੇ ਹੀ ਹੁੰਦੇ ਹਨ। ਚੂਚੇ ਤਿਆਰ ਹੋਣ ਉਪਰੰਤ ਕੰਪਨੀ ਆਪ ਹੀ ਸੇਲ ਪਰਚੇਜ਼ ਦਾ ਕੰਮ ਕਰਦੀ ਹੈ। ਉਨ੍ਹਾਂ ਦੱਸਿਆ ਕਿ ਐਗਰੀਕਲਚਰ ਦਫਤਰ ਗੁਰਦਾਸਪੁਰ ਵਿਖੇ ਵੱਖ-ਵੱਖ ਕਿੱਤਿਆਂ ਨਾਲ ਸੰਬੰਧਤ ਬਾਕਾਇਦਾ ਕਲਾਸਾਂ ਲੱਗਦੀਆਂ ਹਨ ਜਿਵੇਂ ਮੁਰਗੀ ਫਾਰਮ, ਮੱਛੀ ਪਾਲਣ, ਬੱਕਰੀਆਂ, ਭੇਡਾਂ, ਸੂਰ, ਮੱਝਾਂ, ਗਾਵਾਂ ਆਦਿ ਕਿਸੇ ਵੀ ਕਿੱਤੇ ਨੂੰ ਚੁਣ ਸਕਦੇ ਹੋ ਅਤੇ ਉਸ ਸੰਬੰਧੀ ਜਾਣਕਾਰੀ ਲੈ ਕੇ ਆਪਣਾ ਕਾਰੋਬਾਰ ਸ਼ੁਰੂ ਕਰ ਸਕਦੇ ਹੋ। ਜੇ ਪੂਰੀ ਜਾਣਕਾਰੀ ਲੈ ਕੇ ਕੰਮ ਕੀਤਾ ਜਾਵੇ ਤਾਂ ਪੋਲਟਰੀ ਫਾਰਮ ਲਾਹੇਵੰਦ ਧੰਦਾ ਹੈ। ਉਨ੍ਹਾਂ ਦੱਸਿਆ ਕਿ ਸਾਡੇ ਕੋਲ ਖੇਤੀਬਾੜੀ ਵਾਸਤੇ ਜ਼ਮੀਨ ਨਾਮਾਤਰ ਸਿਰਫ਼ ਛੇ ਕਨਾਲਾਂ ਸੀ, ਫਿਰ ਵੀ ਅਸੀਂ ਉਸੇ ਜ਼ਮੀਨ ਵਿੱਚ ਹੀ ਪੋਲਟਰੀ ਫਾਰਮ ਵਾਸਤੇ ਸ਼ੈੱਡ ਬਣਾ ਕੇ ਆਪਣੀ ਰੋਜ਼ੀ-ਰੋਟੀ ਕਮਾ ਰਹੇ ਹਾਂ।



# ਸਬਜ਼ੀਆਂ ਲਗਾਵੋ ਤਾਜ਼ੀਆਂ ਤੇ ਸ਼ੁੱਧ ਖਾਵੋ

ਅਸੀਂ ਹਰੇਕ ਵਾਰ ਸਬਜ਼ੀਆਂ ਦੀ ਕਾਸ਼ਤ ਦੀ ਸਿਫ਼ਾਰਸ਼ ਕਰਦੇ ਹਾਂ। ਗਰਮੀਆਂ ਦੀਆਂ ਸਬਜ਼ੀਆਂ ਦੀ ਕਾਸ਼ਤ ਦਾ ਹੁਣ ਢੁੱਕਵਾਂ ਸਮਾਂ ਹੈ। ਪੰਜਾਬ ਦਾ ਕੋਈ ਵੀ ਘਰ ਅਜਿਹਾ ਨਹੀਂ ਹੈ ਜਿਥੇ ਟਮਾਟਰ, ਬੈਂਗਣ ਅਤੇ ਮਿਰਚਾਂ ਦੀ ਵਰਤੋਂ ਨਾ ਕੀਤੀ ਜਾਂਦੀ ਹੋਵੇ। ਟਮਾਟਰਾਂ ਨੂੰ ਸਲਾਦ ਦੇ ਰੂਪ ਵਿੱਚ ਵੀ ਵਰਤਿਆ ਜਾਂਦਾ ਹੈ ਤੇ ਇਨ੍ਹਾਂ ਦੇ ਕਈ ਪਦਾਰਥ ਵੀ ਬਣਦੇ ਹਨ ਪਰ ਕੋਈ ਵੀ ਅਜਿਹੀ ਸਬਜ਼ੀ ਨਹੀਂ ਹੈ ਜਿਸ ਵਿੱਚ ਇਨ੍ਹਾਂ ਦੀ ਵਰਤੋਂ ਨਾ ਕੀਤੀ



ਡਾ. ਰਣਜੀਤ ਸਿੰਘ

ਜਾਂਦੀ ਹੋਵੇ। ਬੈਂਗਣ ਦੀ ਸਬਜ਼ੀ ਤਾਂ ਸਾਰਾ ਸਾਲ ਹੀ ਬਣਾਈ ਜਾਂਦੀ ਹੈ ਕਿਉਂ ਇਸ ਦੀਆਂ ਸਾਲ ਵਿੱਚ ਚਾਰ ਫ਼ਸਲਾਂ ਲਈਆਂ ਜਾ ਸਕਦੀਆਂ ਹਨ। ਮਿਰਚਾਂ ਵੀ ਪੰਜਾਬੀਆਂ ਦੀ ਖੁਰਾਕ ਦਾ ਅਨਿੱਖੜਵਾਂ ਅੰਗ ਹਨ। ਕੋਈ ਵੀ ਦਾਲ ਸਬਜ਼ੀ ਮਿਰਚਾਂ ਬਗੈਰ ਸੁਆਦੀ ਨਹੀਂ ਬਣਦੀ। ਸ਼ਿਮਲਾ ਮਿਰਚ ਦੀ ਪਨੀਰੀ ਪੁੱਟ ਕੇ ਲਗਾਉਣ ਦਾ ਵੀ ਇਹ ਢੁੱਕਵਾਂ ਸਮਾਂ ਹੈ। ਟਮਾਟਰ, ਬੈਂਗਣ ਅਤੇ ਮਿਰਚਾਂ ਦੀਆਂ ਦੋਗਲੀਆਂ ਕਿਸਮਾਂ ਵੀ ਵਿਕਸਤ ਹੋ ਗਈਆਂ ਹਨ ਜਿਨ੍ਹਾਂ ਦਾ ਝਾੜ ਵੱਧ ਹੈ। ਇਨ੍ਹਾਂ ਦੀ ਲੁਆਈ ਪਨੀਰੀ ਰਾਹੀਂ ਕੀਤੀ ਜਾਂਦੀ ਹੈ।

ਪੰਜਾਬ ਵਿੱਚ ਕਾਸ਼ਤ ਲਈ ਪੰਜਾਬ ਰੱਤਾ, ਉਪਮਾ, ਪੀ ਟੀ ਐਚ-2, ਪੰਜਾਬ ਛੁਹਾਰਾ, ਪੰਜਾਬ ਐਨ ਆਰ-7 ਅਤੇ ਟਮਾਟਰਾਂ ਦੀਆਂ ਸਿਫ਼ਾਰਸ਼ ਕੀਤੀਆਂ ਕਿਸਮਾਂ ਹਨ। ਪੀ ਟੀ ਐਚ-2 ਦੋਗਲੀ ਕਿਸਮ ਹੈ ਇਸ ਦਾ ਝਾੜ ਸਭ ਤੋਂ ਵੱਧ ਕੋਈ 270 ਕੁਇੰਟਲ ਪ੍ਰਤੀ ਏਕੜ ਹੈ। ਬੂਟੇ ਲਗਾਉਂਦੇ ਸਮੇਂ ਲਾਈਨਾਂ ਵਿਚਕਾਰ 75 ਸੈ.ਮੀ. ਤੇ ਬੂਟਿਆਂ ਵਿਚਕਾਰ 30 ਸੈ.ਮੀ. ਦਾ ਫਾਸਲਾ ਰੱਖਿਆ ਜਾਵੇ।

ਬੈਂਗਣ ਤਿੰਨ ਸ਼ਕਲਾਂ ਦੇ ਹੁੰਦੇ ਹਨ ਲੰਬੇ, ਗੋਲ ਤੇ ਬੈਂਗਣੀ। ਪੰਜਾਬ ਨੀਲਮ, ਬੀ ਐਚ-2, ਪੀ ਬੀ ਐਚ ਆਰ-41 ਤੇ ਪੀ ਬੀ ਐਚ ਆਰ-42 ਗੋਲ ਬੈਂਗਣਾਂ ਦੀ ਕਿਸਮਾਂ ਹਨ। ਪੀ ਬੀ ਐਚ-5, ਪੰਜਾਬ ਰੌਣਕ, ਪੀ ਬੀ ਐਚ-4, ਪੰਜਾਬ ਹਿੰਮਤ ਅਤੇ ਪੀ ਬੀ ਐਚ-6 ਲੰਬੇ ਬੈਂਗਣਾਂ ਦੀਆਂ ਤੇ ਪੰਜਾਬ ਨਗੀਨਾ, ਪੰਜਾਬ ਭਰਪੂਰ ਤੇ ਪੀ ਬੀ ਐਚ-3 ਬੈਂਗਣੀ ਦੀਆਂ ਕਿਸਮਾਂ ਹਨ। ਬੂਟੇ ਲਗਾਉਣ ਸਮੇਂ ਲਾਈਨਾਂ ਵਿਚਕਾਰ 60 ਸੈ. ਮੀਟਰ ਤੇ ਬੂਟਿਆਂ ਵਿਚਕਾਰ 40 ਸੈ. ਮੀਟਰ ਦਾ ਫਾਸਲਾ ਰੱਖਿਆ ਜਾਵੇ।

ਸੀ ਐਚ-27, ਸੀ ਐਚ-3 ਤੇ ਸੀ ਐਚ-1 ਮਿਰਚਾਂ ਦੀਆਂ ਦੋਗਲੀਆਂ ਕਿਸਮਾਂ ਹਨ। ਪੰਜਾਬ ਤੇਜ਼, ਪੰਜਾਬ ਗੁੱਛੇਦਾਰ ਤੇ ਪੰਜਾਬ ਸੁਰਖ ਮਿਰਚਾਂ ਦੀਆਂ ਉੱਨਤ ਕਿਸਮਾਂ ਹਨ। ਇਨ੍ਹਾਂ ਦੇ ਬੂਟੇ ਲਗਾਉਂਦੇ ਸਮੇਂ ਲਾਈਨਾਂ ਵਿਚਕਾਰ 75 ਅਤੇ ਬੂਟਿਆਂ ਵਿਚਕਾਰ 45 ਸੈਂਟੀਮੀਟਰ ਫਾਸਲਾ ਰੱਖਿਆ ਜਾਵੇ। ਸ਼ਿਮਲਾ ਮਿਰਚ ਦੀ ਪਨੀਰੀ ਪੁੱਟ ਕੇ ਖੇਤ ਵਿੱਚ ਲਗਾਉਣ ਦਾ ਵੀ ਇਹ ਢੁੱਕਵਾਂ ਸਮਾਂ ਹੈ। ਪਨੀਰੀ ਲਗਾਉਂਦੇ ਸਮੇਂ ਬੂਟਿਆਂ ਵਿਚਕਾਰ 30 ਅਤੇ ਕਤਾਰਾਂ ਵਿਚਕਾਰ 60 ਸੈਂਟੀਮੀਟਰ ਦਾ ਫਾਸਲਾ ਰੱਖਿਆ ਜਾਵੇ। ਪੀ ਐਸ ਐਮ-1 ਉੱਨਤ ਕਿਸਮ ਹੈ।

ਸਾਰੀਆਂ ਸਬਜ਼ੀਆਂ ਦੀ ਪਨੀਰੀ ਲਗਾਉਣ ਪਿੱਛੋਂ ਤੁਰੰਤ ਪਾਣੀ ਦੇਣਾ ਜ਼ਰੂਰੀ ਹੈ। ਖੇਤ ਤਿਆਰ ਕਰਦੇ ਸਮੇਂ 10-15 ਟਨ ਰੂੜੀ ਦੀ ਜ਼ਰੂਰ ਪਾਈ ਜਾਵੇ। ਰਸਾਇਣਕ ਖਾਦਾਂ ਦੀ ਵਰਤੋਂ ਮਿੱਟੀ ਪਰਖ ਦੇ ਅਧਾਰ ਉੱਤੇ ਕੀਤੀ ਜਾ ਸਕਦੀ ਹੈ।

ਭਿੰਡੀ ਗਰਮੀਆਂ ਦੀ ਇੱਕ ਮਹੱਤਵਪੂਰਨ ਸਬਜ਼ੀ ਹੈ। ਇਸ ਦੀ ਬਿਜਾਈ ਦਾ ਵੀ ਹੁਣ ਢੁੱਕਵਾਂ ਸਮਾਂ ਹੈ। ਪੰਜਾਬ ਸੁਹਾਵਨੀ, ਪੰਜਾਬ-8, ਪੰਜਾਬ-7 ਅਤੇ ਪੰਜਾਬ ਪਦਮਨੀ ਸਿਫ਼ਾਰਸ਼ ਕੀਤੀਆਂ ਕਿਸਮਾਂ ਹਨ। ਇੱਕ ਏਕੜ ਲਈ ਕੋਈ 15 ਕਿਲੋ ਬੀਜ ਚਾਹੀਦਾ ਹੈ। ਬਿਜਾਈ ਤੋਂ ਪਹਿਲਾਂ ਬੀਜਾਂ ਨੂੰ 24 ਘੰਟਿਆਂ ਲਈ ਪਾਣੀ ਵਿੱਚ ਭਿਉਂ ਕੇ ਰੱਖੋ। ਬਿਜਾਈ ਵੱਟਾਂ ਉੱਤੇ ਕਰੋ। ਵੱਟਾਂ ਵਿਚਕਾਰ 45 ਸੈਂਟੀਮੀਟਰ ਅਤੇ ਬੂਟਿਆਂ ਵਿਚਕਾਰ 15 ਸੈਂਟੀਮੀਟਰ ਦਾ ਫਾਸਲਾ ਰੱਖੋ। ਜਿਵੇਂ ਪਹਿਲਾਂ ਵੀ ਦੱਸਿਆ ਹੈ ਸਬਜ਼ੀਆਂ ਲਈ ਦੇਸੀ ਰੂੜੀ ਬਹੁਤ ਜ਼ਰੂਰੀ ਹੈ। ਘੱਟੋ-ਘੱਟ 15 ਟਨ ਰੂੜੀ ਪ੍ਰਤੀ ਏਕੜ ਜ਼ਰੂਰ ਪਾਵੋ। ਇਸ ਤੋਂ ਇਲਾਵਾ ਬਿਜਾਈ ਵੇਲੇ 40 ਕਿਲੋ ਯੂਰੀਆ ਪ੍ਰਤੀ ਏਕੜ ਪਾਵੋ। ਲੋਬੀਆ ਇੱਕ ਹੋਰ ਗਰਮੀਆਂ ਦੀ ਸਬਜ਼ੀ ਹੈ। ਕਾਉਪੀਜ਼ 263 ਇਸ ਦੀ ਉੱਨਤ ਕਿਸਮ ਹੈ। ਇੱਕ ਏਕੜ ਵਿੱਚ 10 ਕਿਲੋ ਬੀਜ ਪਾਵੋ। ਬਿਜਾਈ ਸਮੇਂ ਲਾਈਨਾਂ ਵਿਚਕਾਰ 45 ਸੈਂਟੀਮੀਟਰ ਅਤੇ ਬੂਟਿਆਂ ਵਿਚਕਾਰ 15 ਸੈਂਟੀਮੀਟਰ ਦਾ ਫ਼ਾਸਲਾ ਰੱਖੋ। ਇੱਕ ਏਕੜ ਵਿੱਚ 45 ਕਿਲੋ ਯੂਰੀਆ, 100 ਕਿਲੋ ਸੁਪਰਫਾਸਫੇਟ ਅਤੇ 16 ਕਿਲੋ ਮਿਊਰੇਟ ਆਫ ਪੋਟਾਸ਼ ਪਾਵੋ।

ਮੂਲੀ ਦੀ ਬਿਜਾਈ ਸਾਰਾ ਸਾਲ ਹੀ ਕੀਤੀ ਜਾ ਸਕਦੀ ਹੈ। ਹੁਣ ਦੀ ਬਿਜਾਈ ਲਈ ਪੂਸਾ ਹਿਮਾਨੀ ਅਤੇ ਪੰਜਾਬ ਪਸੰਦ ਕਿਸਮਾਂ ਦੀ ਸਿਫ਼ਾਰਸ਼ ਕੀਤੀ ਗਈ ਹੈ। ਪਾਲਕ ਦੀ ਬਿਜਾਈ ਲਈ ਵੀ ਇਹ ਢੁੱਕਵਾਂ ਸਮਾਂ ਹੈ। ਪੰਜਾਬ ਗਰੀਨ ਸਿਫ਼ਾਰਸ਼ ਕੀਤੀ ਕਿਸਮ ਹੈ। ਇੱਕ ਏਕੜ ਲਈ ਘੱਟੋ-ਘੱਟ 10 ਕਿਲੋ ਬੀਜ ਪਾਵੋ। ਬਿਜਾਈ ਸਮੇਂ ਲਾਈਨਾਂ ਵਿਚਕਾਰ 20 ਸੈਂਟੀਮੀਟਰ ਦਾ ਫਾਸਲਾ ਰੱਖੋ। ਬੀਜ ਨੂੰ 3-4 ਸੈਂਟੀਮੀਟਰ ਡੂੰਘਾ ਬੀਜੋ। ਦਸ ਟਨ ਰੂੜੀ ਪ੍ਰਤੀ ਏਕੜ ਪਾਉਣ ਦੇ ਨਾਲੋਂ-ਨਾਲ 35 ਕਿਲੋ ਯੂਰੀਆ, 75 ਕਿਲੋ ਸੁਪਰਫਾਸਫੇਟ ਪਾਵੋ। ਜੇ ਲੋੜ ਹੋਵੇ ਤਾਂ ਪਹਿਲੀ ਕਟਾਈ ਪਿੱਛੋਂ ਮੁੜ 20 ਕਿਲੋ ਯੂਰੀਆ ਪ੍ਰਤੀ ਏਕੜ ਪਾਵੋ। ਬਿਜਾਈ ਤੋਂ ਤੁਰੰਤ ਪਿੱਛੋਂ ਪਾਣੀ ਦੇਵੋ। ਇੱਕ ਮਹੀਨੇ ਪਿੱਛੋਂ ਪਹਿਲੀ ਕਟਾਈ ਕੀਤੀ ਜਾ ਸਕਦੀ ਹੈ। ਸਾਰੀਆਂ ਸਬਜ਼ੀਆਂ ਵਿੱਚ ਨਦੀਨਾਂ ਦੀ ਰੋਕਥਾਮ ਲਈ ਗੋਡੀ ਕਰੋ। ਨਦੀਨ ਨਾਸ਼ਕਾਂ ਦੀ ਵਰਤੋਂ ਘੱਟ ਕਰਨੀ ਚਾਹੀਦੀ ਹੈ।

ਕੱਦੂ ਜੀਤੀ ਦੀਆਂ ਸਬਜ਼ੀਆਂ ਵਿੱਚ ਘੀਆ ਕੱਦੂ, ਚੱਪਣ ਕੱਦੂ, ਹਲਵਾ ਕੱਦੂ, ਕਰੇਲਾ ਅਤੇ ਘੀਆ ਤੋਰੀ ਪ੍ਰਮੁੱਖ ਹਨ। ਪੰਜਾਬ ਚੱਪਣ ਕੱਦੂ-1, ਚੱਪਣ ਕੱਦੂ ਦੀ ਪੀ ਬੀ ਐਚ-1, ਪੀ ਏ ਯੂ ਮਗਜ਼ ਕੱਦੂ-1 ਅਤੇ ਪੰਜਾਬ ਸਮਾਰਟ ਹਲਵਾ ਕੱਦੂ ਦੀਆਂ ਪੰਜਾਬ ਬਰਕਤ, ਪੰਜਾਬ ਬਹਾਰ, ਪੰਜਾਬ ਲੌਂਗ ਤੇ ਪੰਜਾਬ ਕੋਮਲ ਘੀਆ ਕੱਦੂ ਦੀਆਂ ਸਿਫ਼ਾਰਸ਼ ਕੀਤੀਆਂ ਕਿਸਮਾਂ ਹਨ। ਪੰਜਾਬ ਕਰੇਲੀ-1, ਪੰਜਾਬ-14, ਪੰਜਾਬ ਕਰੇਲਾ-15 ਕਰੇਲੇ ਦੀਆਂ, ਪੰਜਾਬ ਝਾੜ ਕਰੇਲਾ-1 ਝਾੜ ਕਰੇਲੇ ਦੀ, ਪੰਜਾਬ ਨਿਖਾਰ, ਪੰਜਾਬ ਕਾਲੀ ਤੋਰੀ-9 ਤੇ ਪੂਸਾ ਚਿਕਨੀ ਘੀਆ ਤੋਰੀ ਦੀਆਂ ਕਿਸਮਾਂ ਹਨ। ਸਾਰੀਆਂ ਸਬਜ਼ੀਆਂ ਲਈ ਦੋ ਕਿਲੋ ਬੀਜ ਪ੍ਰਤੀ ਏਕੜ ਪਾਇਆ ਜਾਵੇ ਪਰ ਹਲਵਾ ਕੱਦੂ ਲਈ ਇੱਕ ਕਿਲੋ ਬੀਜ ਹੀ ਕਾਫ਼ੀ ਹੈ। ਕਰੇਲਾ ਅਤੇ ਚੱਪਣ ਕੱਦੂ ਲਈ 1.5 ਮੀਟਰ ਚੌੜੀਆਂ, ਘੀਆ ਕੱਦੂ ਲਈ ਦੋ ਮੀਟਰ, ਹਲਵਾ ਕੱਦੂ ਅਤੇ ਘੀਆ ਤੋਰੀ ਲਈ ਤਿੰਨ ਮੀਟਰ ਚੌੜੀਆਂ ਕਿਆਰੀਆਂ ਬਣਾਵੋ। ਕਿਆਰੀਆਂ ਦੇ ਦੋਵੇਂ ਪਾਸੇ ਬੀਜੇ ਜਾਣ ਤੇ ਇੱਕ ਥਾਂ ਦੋ ਬੀਜ ਬੀਜੋ। ਖੇਤ ਵਿੱਚ ਰੂੜੀ ਪਾਉਣੀ ਜ਼ਰੂਰੀ ਹੈ। ਰਸਾਇਣਕ ਖਾਦਾਂ ਦੀ ਵਰਤੋਂ ਮਿੱਟੀ ਪਰਖ ਦੀਆਂ ਸਿਫ਼ਾਰਸ਼ਾਂ ਅਨੁਸਾਰ ਹੀ ਕਰਨੀ ਚਾਹੀਦੀ ਹੈ।

ਤਰ ਅਤੇ ਖੀਰਾ ਦੋ ਹੋਰ ਵੇਲਾਂ ਵਾਲੀਆਂ ਸਬਜ਼ੀਆਂ ਹਨ ਪਰ ਇਨ੍ਹਾਂ ਦੀ ਵਰਤੋਂ ਸਲਾਦ ਦੇ ਰੂਪ ਵਿੱਚ ਕੀਤੀ ਜਾਂਦੀ ਹੈ। ਪੰਜਾਬ ਲੌਂਗ ਮੈਲਨ-1 ਤਰ ਦੀ ਅਤੇ ਪੰਜਾਬ ਨਵੀਨ, ਪੀ ਕੇ ਐਚ-11, ਪੰਜਾਬ ਖੀਰਾ-1 ਖੀਰੇ ਦੀਆਂ ਉੱਨਤ ਕਿਸਮਾਂ ਹਨ। ਇੱਕ ਕਿਲੋ ਬੀਜ ਇੱਕ ਏਕੜ ਦੀ ਬਿਜਾਈ ਲਈ ਕਾਫੀ ਹੈ। ਇਨ੍ਹਾਂ ਦੀ ਬਿਜਾਈ ਲਈ 2.5 ਮੀਟਰ ਚੌੜੀਆਂ ਕਿਆਰੀਆਂ ਬਣਾਵੋ। ਬਿਜਾਈ ਅਤੇ ਖਾਦਾਂ ਦੀ ਵਰਤੋਂ ਦੂਜੀਆਂ ਸਬਜ਼ੀਆਂ ਵਾਂਗ ਹੀ ਕੀਤੀ ਜਾਵੇ। ਟੀਂਡਾ ਇੱਕ ਹੋਰ ਵੇਲਾਂ ਵਾਲੀ ਗਰਮੀਆਂ ਦੀ ਮੁੱਖ ਸਬਜ਼ੀ ਹੈ। ਟੀਂਡਾ 48 ਅਤੇ ਪੰਜਾਬ ਟੀਂਡਾ-1 ਇਸ ਦੀਆਂ ਉੱਨਤ ਕਿਸਮਾਂ ਹਨ। ਇੱਕ ਏਕੜ ਲਈ 1.5 ਕਿਲੋ ਬੀਜ ਚਾਹੀਦਾ ਹੈ। ਟੀਂਡੇ ਲਈ ਖੇਲਾਂ ਵਿਚਕਾਰ 1.5 ਮੀਟਰ ਦਾ ਫਾਸਲਾ ਰੱਖਿਆ ਜਾਵੇ। ਇਸੇ ਲੜੀ ਵਿੱਚ ਪੇਠਾ ਇੱਕ ਹੋਰ ਸਬਜ਼ੀ ਹੈ। ਇਸ ਦੀ ਵਰਤੋਂ ਮਠਿਆਈ ਅਤੇ ਵੜੀਆਂ ਬਣਾਉਣ ਲਈ ਕੀਤੀ ਜਾਂਦੀ ਹੈ। ਪੀ ਏ ਜੀ-3 ਉੱਨਤ ਕਿਸਮ ਹੈ। ਇਸ ਤੋਂ ਕੋਈ 120 ਕੁਇੰਟਲ ਪੇਠੇ ਪ੍ਰਤੀ ਏਕੜ ਪ੍ਰਾਪਤ ਹੋ ਜਾਂਦੇ ਹਨ। ਇੱਕ ਏਕੜ ਲਈ ਦੋ ਕਿਲੋ ਬੀਜ ਜਿਸ ਦੀ ਬਿਜਾਈ ਤਿੰਨ ਮੀਟਰ ਫਾਸਲੇ ਤੇ ਬਣਾਈਆਂ ਖੇਲਾਂ ਦੇ ਦੋਵੇਂ ਪਾਸੇ ਕਰੋ। ਇੱਕ ਥਾਂ ਦੋ ਬੀਜ ਬੀਜੋ। ਨਦੀਨਾਂ ਦੀ ਰੋਕਥਾਮ ਲਈ ਗੋਡੀ ਕਰਨੀ ਜ਼ਰੂਰੀ ਹੈ। ਖੇਤ ਵਿੱਚ ਰੋਜ ਗੇੜਾ ਜ਼ਰੂਰ ਮਾਰਿਆ ਜਾਵੇ। ਜੇਕਰ ਕਿਸੇ ਕੀੜੇ ਜਾਂ ਬਿਮਾਰੀ ਦਾ ਹਮਲਾ ਨਜ਼ਰ ਆਵੇ ਤਾਂ ਸ਼ੁਰੂ ਵਿੱਚ ਹੀ ਇਨ੍ਹਾਂ ਨੂੰ ਕਾਬੂ ਕਰੋ। ਸਬਜ਼ੀਆਂ ਉੱਤੇ ਜ਼ਹਿਰਾਂ ਦੀ ਵਰਤੋਂ ਘੱਟ ਤੋਂ ਘੱਟ ਕੀਤੀ ਜਾਵੇ। ਜੇਕਰ ਲੋੜ ਪਵੇ ਤਾਂ ਕੇਵਲ ਸਿਫ਼ਾਰਸ਼ ਕੀਤੀ ਜ਼ਹਿਰ ਅਤੇ ਸਿਫ਼ਾਰਸ਼ ਕੀਤੀ ਮਾਤਰਾ ਵਿੱਚ ਹੀ ਵਰਤੋਂ ਕੀਤੀ ਜਾਵੇ। ਜ਼ਹਿਰਾਂ ਦੀ ਵਰਤੋਂ ਪਿੱਛੋਂ ਉਤਨੇ ਦਿਨ ਸਬਜ਼ੀ ਨਾ ਤੋੜੀ ਜਾਵੇ ਜਿਤਨੇ ਦਿਨਾਂ ਦੀ ਹਿਦਾਇਤ ਕੀਤੀ ਗਈ ਹੋਵੇ। ਅਸੀਂ ਉਮੀਦ ਕਰਦੇ ਹਾਂ ਕਿ ਇਸ ਵਾਰ ਤੁਸੀਂ ਘੱਟ ਤੋਂ ਘੱਟ ਘਰ ਦੀ ਵਰਤੋਂ ਲਈ ਸਬਜ਼ੀਆਂ ਦੀ ਕਾਸ਼ਤ ਜ਼ਰੂਰ ਕਰੋਗੇ। ਇਸ ਤਰ੍ਹਾਂ ਤੁਸੀਂ ਸੰਤੁਲਿਤ ਭੋਜਨ ਖਾ ਸਕੋਗੇ ਕਿਉਂਕਿ ਹੁਣ ਪੰਜਾਬੀਆਂ ਵਿੱਚ ਵੀ ਕਈ ਕਮੀਆਂ ਸਾਹਮਣੇ ਆਉਣ ਲੱਗ ਪਈਆਂ ਹਨ।



# ਖੇਤੀ ਦੁਨੀਆਂ

ਪੰਜਾਬੀ ਖੇਤੀਬਾੜੀ ਸਪਤਾਹਿਕ

**KHETI DUNIYAN**

An Exclusive Agricultural Weekly

ਰਜਿਸਟਰਡ ਆਫਿਸ :
9-ਏ, ਅਜੀਤ ਨਗਰ,
ਪਟਿਆਲਾ

ਮਾਰਕੀਟਿੰਗ ਆਫਿਸ :
ਕੇ.ਡੀ. ਕੰਪਲੈਕਸ, ਗਊਸ਼ਾਲਾ ਰੋਡ,
ਨੇੜੇ ਸ਼ੇਰ-ਏ-ਪੰਜਾਬ ਮਾਰਕੀਟ,
ਪਟਿਆਲਾ-147001
ਮੋ.90410-14575
ਈ-ਮੇਲ : khetiduniyan1983@gmail.com

www.khetiduniyan.in

ਸਾਲ 44 ਅੰਕ 09
ਮਿਤੀ 28-02-2026

**ਐਡੀਟਰ**

ਜਗਪ੍ਰੀਤ ਸਿੰਘ

**ਮਾਰਕੀਟਿੰਗ ਦਫਤਰ**

ਪਟਿਆਲਾ
ਫੋਨ : 0175-2214575
ਮੁੰਬਈ
ਦਿੱਲੀ
ਲੁਧਿਆਣਾ
ਬਠਿੰਡਾ



**ਸੰਪਾਦਕੀ ਬੋਰਡ**

ਡਾ. ਡੀ.ਡੀ. ਨਾਰੰਗ
ਡਾ. ਰਣਜੀਤ ਸਿੰਘ
ਡਾ. ਸਵਰਨ ਸਿੰਘ ਮਾਨ
ਡਾ. ਅਮਨਪ੍ਰੀਤ ਸਿੰਘ ਬਰਾੜ
ਜਗਜੀਤ ਸਿੰਘ ਝੱਤਰਾ
ਡਾ. ਵਰਿੰਦਰ ਲਾਠਰ



**ਕੰਪੋਜ਼ਿੰਗ**

ਏਕਤਾ ਕੰਪਿਊਟਰਜ਼, ਪਟਿਆਲਾ



## ਨੋਟ

- ★ ਖੇਤੀ ਦੁਨੀਆਂ ਵਿੱਚ ਛਪਣ ਵਾਲੇ ਲੇਖਾਂ, ਇਸ਼ਤਿਹਾਰਾਂ, ਕਿਸਾਨਾਂ ਦੇ ਵਿਚਾਰਾਂ ਨਾਲ ਸੰਪਾਦਕ ਦੀ ਸਹਿਮਤੀ ਜ਼ਰੂਰੀ ਨਹੀਂ ਹੈ। ਅਦਾਰਾ ਖੇਤੀ ਦੁਨੀਆਂ ਕਿਸੇ ਪੱਖੋਂ ਵੀ ਜ਼ਿੰਮੇਵਾਰ ਨਹੀਂ ਹੈ।
- ★ ਸਿਫਾਰਿਸ਼ ਕੀਤੀਆਂ ਦਵਾਈਆਂ ਦੀ ਮਾਤਰਾ ਭਾਵੇਂ ਮਾਹਿਰਾਂ ਵੱਲੋਂ ਸਿਫਾਰਿਸ਼ ਕੀਤੀ ਹੁੰਦੀ ਹੈ, ਪਰੰਤੂ ਫਿਰ ਵੀ ਆਪਣੇ ਨਜ਼ਦੀਕੀ ਮਾਹਿਰ ਦੀ ਰਾਏ ਜ਼ਰੂਰ ਲਓ।
- ★ ਕਿਸੇ ਵੀ ਪ੍ਰਕਾਰ ਦਾ ਕਾਨੂੰਨੀ ਨਿਪਟਾਰਾ ਪਟਿਆਲਾ ਦੀ ਅਦਾਲਤ ਵਿੱਚ ਹੀ ਹੋਵੇਗਾ।



Editor : **JAGPREET SINGH**,
Printer, Publisher and Owner of Weekly
**'KHETI DUNIYAN'** Printed at **Drishti Printers,**
484, Nagra Street, Natan Wali Gali,Backside Dashmesh Market,
Near Sher-e-Punjab Market, Patiala-147001 (Pb.)
and published from **Kheti Duniyan**, House No. 9-A, Ajit Nagar,
Patiala-147001 (Pb.). E-mail : khetiduniyan1983@gmail.com
Phone No. 0175-2214575, RNI No.**PUNPUN00806**


# ਚੰਗੀ ਗੁਣਵੱਤਾ ਵਾਲੀ ਖਜੂਰ ਕਿਵੇਂ ਪੈਦਾ ਕਰੀਏ ਕਾਂਟ-ਛਾਂਟ ਤੇ ਪੱਤੇ ਦੇ ਕੰਡਿਆਂ ਦਾ ਕੱਟਣਾ


**ਅਨਿਲ ਕੁਮਾਰ ਅਤੇ ਅਨਿਲ ਕੁਮਾਰ ਸਾਂਗਵਾਨ,**
**ਰਿਜ਼ਨਲ ਰਿਸਰਚ ਸੈਂਟਰ, ਅਬੋਹਰ (ਮੋ. 98723-11677)**


ਖਜੂਰ ਦਾ ਦਰਖੱਤ ਸਿੱਧਾ ਵਧਦਾ ਹੈ। ਸਰਦੀਆਂ ਵਿੱਚ ਇਸਦੇ ਸੁੱਕੇ, ਪੁਰਾਣੇ ਅਤੇ ਟੁੱਟੇ ਹੋਏ ਪੱਤੇ ਕੱਟ ਦੇਣੇ ਚਾਹੀਦੇ ਹਨ। ਜਿਹੜੇ ਪੱਤੇ ਫ਼ਲਾਂ ਦੇ ਗੁੱਛਿਆਂ ਦੇ ਨੇੜੇ ਨਿਕਲਦੇ ਹਨ, ਉਹਨਾਂ ਪੱਤਿਆਂ ਦੇ ਕੰਡਿਆਂ ਨੂੰ ਕੱਟ ਦੇਣਾ ਚਾਹੀਦਾ ਹੈ ਤਾਂਕਿ ਪਰਾਗਨ ਵੇਲੇ, ਗੁੱਛਿਆਂ ਨੂੰ ਵਿਰਲਾ ਕਰਨ ਵੇਲੇ ਅਤੇ ਗੁੱਛਿਆਂ ਨੂੰ ਤੋੜਨ ਸਮੇਂ ਮੁਸ਼ਕਲ ਨਾ ਆਵੇ। ਫਲ ਬਣਨ ਤੋਂ ਬਾਅਦ (ਅਪ੍ਰੈਲ-ਮਈ) ਗੁੱਛਿਆਂ ਨੂੰ ਝੁਕਾ ਦੇਣਾ ਚਾਹੀਦਾ ਹੈ ਤਾਂਕਿ ਹਵਾ ਨਾਲ ਇਹ ਨਾ ਟੁੱਟਣ। ਚੰਗਾ ਝਾੜ ਲੈਣ ਲਈ 70-100 ਪੱਤੇ ਪ੍ਰਤੀ ਬੂਟਾ ਰੱਖਣੇ ਚਾਹੀਦੇ ਹਨ। ਗੁੱਛੇ ਦੀਆਂ ਲੜੀਆਂ ਦਾ ਉਪਰ ਵਾਲੇ ਪਾਸੋਂ ਤੀਜਾ ਹਿੱਸਾ ਕੱਟ ਕੇ ਚੰਗੀ ਗੁਣਵਤਾ ਵਾਲਾ ਫਲ ਲਿਆ ਜਾ ਸਕਦਾ ਹੈ।

**ਪਰਪਰਾਗਣ** : ਖਜੂਰਾਂ ਦੀ ਫ਼ਸਲ ਵਿੱਚ ਨਰ ਅਤੇ ਮਾਦਾ ਦੇ ਫੁੱਲ ਅਲੱਗ-ਅਲੱਗ ਬੂਟਿਆਂ ਤੇ ਆਉਂਦੇ ਹਨ, ਫ਼ਸਲ ਲੈਣ ਲਈ ਖਜੂਰਾਂ ਦਾ ਪਰਾਗਣ ਹੱਥੀਂ ਕਰਨਾ ਅਤੀ ਜ਼ਰੂਰੀ ਹੈ। ਇਸ ਫ਼ਸਲ ਦੇ ਪੌਦੇ ਲਗਾਉਣ ਤੋਂ 5-6 ਸਾਲਾਂ ਬਾਅਦ ਫੁੱਲ ਦੇਣ ਲੱਗ ਜਾਂਦੇ ਹਨ। ਇਸ ਲਈ ਨਰ ਅਤੇ ਮਾਦਾ ਦੇ ਫੁੱਲਾਂ ਦੀ ਪਛਾਣ ਹੋਣੀ ਬਹੁਤ ਜ਼ਰੂਰੀ ਹੈ। ਨਰ ਦੇ ਫੁੱਲ ਕਰੀਮ ਚਿੱਟੇ ਰੰਗ ਤੇ ਝੋਨੇ ਦੇ ਫੁੱਲਾਂ ਵਾਂਗ ਹੁੰਦੇ ਹਨ ਅਤੇ ਮਾਦਾ ਦੇ ਫੁੱਲ ਹਲਕੇ ਪੀਲੇ ਅਤੇ ਜੁਆਰ ਦੇ ਫੁੱਲਾਂ ਵਾਂਗ ਦਿਖਾਈ ਦਿੰਦੇ ਹਨ। ਨਰ ਦੇ ਸਪੇਥ (ਜਿਸ ਵਿੱਚ ਫੁੱਲ ਲੁਕਿਆ ਹੁੰਦਾ ਹੈ) ਛੋਟੇ, ਚੌੜੇ ਤੇ ਜ਼ਿਆਦਾ ਲੜੀਆਂ ਵਾਲੇ ਅਤੇ ਝਾੜੂ ਵਾਂਗ ਹੁੰਦੇ ਹਨ। ਮਾਦਾ ਦੇ ਸਪੇਥ ਲੰਬੇ ਅਤੇ ਘੱਟ ਲੜੀਆਂ ਵਾਲੇ ਹੁੰਦੇ ਹਨ। ਇੱਕ ਨਰ ਦੇ ਬੂਟੇ ਦੇ ਪੋਲਨ (ਨਰ ਫੁੱਲਾਂ ਦਾ ਪਰਾਗ) ਤੋਂ ਦੱਸ ਮਾਦਾ ਦੇ ਬੂਟਿਆਂ ਨੂੰ ਪਰਾਗਣ ਕੀਤਾ ਜਾ ਸਕਦਾ ਹੈ,





ਇਸ ਕਰਕੇ ਚੰਗਾ ਪਰਾਗਣ ਕਰਨ ਵਾਸਤੇ ਦੱਸ ਮਾਦਾ ਦੇ ਬੂਟਿਆਂ ਪਿੱਛੇ ਇੱਕ ਨਰ ਦਾ ਬੂਟਾ ਲਗਾਉਣ ਚਾਹੀਦਾ ਹੈ। ਇਸ ਫ਼ਸਲ ਦੇ ਫੁੱਲ ਮਾਰਚ ਦੇ ਅੱਧ ਤੋਂ ਅਪ੍ਰੈਲ ਦੇ ਪਹਿਲੇ ਹਫ਼ਤੇ ਤੱਕ (15-20 ਦਿਨ) ਨਿਕਲਦੇ ਰਹਿੰਦੇ ਹਨ। ਪੋਲਨ ਇਕੱਠਾ ਕਰਨ ਲਈ ਸਪੇਥ ਨੂੰ ਖੁੱਲਣ ਤੋਂ ਪਹਿਲਾਂ ਤੋੜ ਕੇ ਛਾਵੇਂ ਸੁਕਾਉਣਾ ਚਾਹੀਦਾ ਹੈ ਤਾਂਕਿ ਪੋਲਨ ਅਸਾਨੀ ਨਾਲ ਨਿਕਲ ਸਕੇ। ਪੋਲਨ ਨੂੰ ਕੱਢਣ ਤੋਂ ਬਾਅਦ 6 ਘੰਟੇ ਧੁੱਪੇ ਅਤੇ 18 ਘੰਟੇ ਛਾਵੇਂ ਸੁਕਾਉਣ ਤੋਂ ਬਾਅਦ ਕੱਚ ਦੀਆਂ ਸ਼ੀਸ਼ੀਆਂ ਵਿੱਚ ਛਾਵੇਂ ਪਾ ਕੇ ਰੱਖਣਾ ਚਾਹੀਦਾ ਹੈ। ਪੋਲਨ ਨੂੰ ਤਿੰਨ ਮਹੀਨਿਆਂ ਤੱਕ ਕਮਰੇ ਦੇ ਤਾਪਮਾਨ ਤੇ ਸੰਭਾਲ ਕੇ ਰੱਖ ਸਕਦੇ ਹਾਂ ਤੇ ਜਦੋਂ ਮਾਦਾ ਦੇ ਫੁੱਲ ਨਿਕਲ ਆਉਣ ਤਾਂ ਜਿਹੜਾ ਪੋਲਨ ਇਕੱਠਾ ਕੀਤਾ ਹੈ ਉਸਨੂੰ ਪਰਾਗਣ ਲਈ ਵਰਤਨਾ ਚਾਹੀਦਾ ਹੈ।

ਹੱਥੀਂ ਪਰਾਗਣ ਕਈ ਤਰੀਕਿਆਂ ਨਾਲ ਕੀਤਾ ਜਾ ਸਕਦਾ ਹੈ। ਜਿਵੇਂ ਕਿ ਪੋਲਨ ਨੂੰ ਮਾਦਾ ਦੇ ਫੁੱਲਾਂ ਤੇ ਰੂਈਂ ਦੇ ਬੂੜੇ ਨਾਲ ਲਗਾਉਣਾ ਜਾਂ ਛਿੜਕਣਾ, ਰੂਈਂ ਦੇ ਬੂੜੇ ਤੇ ਪੋਲਿਨ ਲਗਾ ਕੇ ਮਾਦਾ ਦੇ ਫੁੱਲਾਂ ਦੇ ਵਿਚਕਾਰ ਰੱਖਣਾ ਅਤੇ 3-4 ਨਰ ਦੇ ਫੁੱਲਾਂ ਦੀਆਂ ਲੜੀਆਂ ਨੂੰ ਉਲਟਾ ਕਰ ਕੇ ਮਾਦਾ ਦੇ ਫੁੱਲਾਂ ਦੇ ਵਿਚਕਾਰ ਰੱਖਣਾ। ਨਰ ਦੇ ਫੁੱਲਾਂ ਦੀਆਂ ਲੜੀਆਂ ਨੂੰ ਮਾਦਾ ਦੇ ਫੁੱਲਾਂ ਦੇ ਵਿਚਕਾਰ ਉਲਟਾ ਰੱਖਣ ਵਾਲਾ ਤਰੀਕਾ ਸਭ ਤੋਂ ਅਸਾਨ ਹੈ।

ਇਹਨਾਂ ਵਿੱਚੋਂ ਕੋਈ ਵੀ ਤਰੀਕਾ ਵਰਤ ਕੇ ਵਧੀਆ ਗੁਣਵੱਤਾ ਵਾਲਾ ਫ਼ਲ ਲਿਆ ਜਾ ਸਕਦਾ ਹੈ, ਮਾਦਾ ਦੇ ਫੁੱਲ ਨਿਕਲਣ ਤੋਂ 3-4 ਦਿਨਾਂ ਦੇ ਅੰਦਰ ਪਰਾਗਣ ਕਰ ਦੇਣਾ ਚਾਹੀਦਾ ਹੈ ਤਾਂ ਜੋ ਵਧੀਆ ਫ਼ਲ ਟਿੱਕ ਸਕੇ। ਪਰਾਗਣ ਨਾ ਕਰਨ ਦੇ ਹਾਲਾਤ ਵਿੱਚ ਖਜੂਰ ਦਾ ਫ਼ਲ ਬਹੁਤ ਛੋਟਾ, ਬਿਨ੍ਹਾਂ ਬੀਜ ਵਾਲਾ ਤੇ ਨਾ ਪੱਕਣ ਵਾਲਾ ਬਣੇਗਾ।

**ਖਾਦਾਂ** : ਖਜੂਰ ਦੇ ਬੂਟਿਆਂ ਨੂੰ ਸਰਦੀਆਂ ਦੇ ਮਹੀਨਿਆਂ ਵਿੱਚ ਰੂੜੀ ਦੀ ਖਾਦ ਪਾਉਣੀ ਚਾਹੀਦੀ ਹੈ। ਬੂਟਿਆਂ ਨੂੰ 10 ਕਿਲੋ ਪ੍ਰਤੀ ਬੂਟਾ ਸਾਲ ਦੇ ਹਿਸਾਬ ਨਾਲ ਗਲੀ ਸੜੀ ਰੂੜੀ ਦੀ ਖਾਦ ਪਾਉ। ਪੰਜਵੇਂ ਸਾਲ ਅਤੇ ਇਸ ਤੋਂ ਬਾਅਦ 50 ਕਿਲੋ ਰੂੜੀ ਦੀ ਖਾਦ ਵੀ ਹਰ ਵਰ੍ਹੇ ਪਾਉਂਦੇ ਰਹੋ। ਇਸ ਤੋਂ ਇਲਾਵਾ ਪੰਜਵੇਂ ਸਾਲ ਤੋਂ ਬਾਅਦ 4.4 ਕਿਲੋ ਯੂਰੀਆ ਦੋ ਕਿਸ਼ਤਾਂ ਵਿੱਚ, ਪਹਿਲੀ ਕਿਸਤ ਫੁੱਲਾਂ ਤੋਂ ਪਹਿਲਾ (ਫ਼ਰਵਰੀ) ਤੇ ਦੂਜੀ ਫਲ ਬਣਨ ਤੋਂ ਬਾਅਦ ਅਪ੍ਰੈਲ ਵਿੱਚ ਪਾਉਣੀ ਚਾਹੀਦੀ ਹੈ।

**ਸਿੰਚਾਈ** : ਨਵੇਂ ਬੂਟਿਆਂ ਨੂੰ ਪਾਣੀ ਹਫ਼ਤੇ ਪਿੱਛੋਂ ਲਗਾਉਂਦੇ ਰਹਿਣਾ ਚਾਹੀਦਾ ਹੈ। ਚੰਗੀ ਫ਼ਸਲ ਲੈਣ ਲਈ ਸਮੇਥ ਨਿਕਲਣ ਤੋਂ ਪਹਿਲਾਂ ਇੱਕ ਪਾਣੀ ਜ਼ਰੂਰ ਲਗਾਉਣਾ ਚਾਹੀਦਾ ਹੈ। ਇਸ ਤੋਂ ਬਾਅਦ ਫ਼ਲ ਬਣਨ ਤੋਂ ਬਾਅਦ ਪਾਣੀ ਲਗਾਉਂਦੇ ਰਹਿਣਾ ਚਾਹੀਦਾ ਹੈ। ਸਿੰਚਾਈ ਦਾ ਵਕਫਾ ਮਿੱਟੀ ਅਤੇ ਮੌਸਮ ਤੇ ਨਿਰਭਰ ਕਰਦਾ ਹੈ। ਰੇਤਲੀਆਂ ਜ਼ਮੀਨਾਂ ਵਿੱਚ ਗਰਮੀਆਂ ਦੌਰਾਨ 10-15 ਦਿਨਾਂ ਬਾਅਦ ਅਤੇ ਸਰਦੀਆਂ ਵਿੱਚ 30-40 ਦਿਨਾਂ ਬਾਅਦ ਪਾਣੀ ਲਗਾਉਣਾ ਚਾਹੀਦਾ ਹੈ।

# ਅਸੀਂ ਕਿਸੇ ਨੂੰ ਵੀ ਅਰਾਵਲੀ ਨੂੰ ਛੂਹਣ ਦੀ ਇਜਾਜ਼ਤ ਨਹੀਂ ਦੇਵਾਂਗੇ : ਸੁਪਰੀਮ ਕੋਰਟ

ਸੁਪਰੀਮ ਕੋਰਟ ਨੇ ਕਿਹਾ ਕਿ ਉਹ ਕਿਸੇ ਨੂੰ ਵੀ "ਅਰਾਵਲੀ ਪਹਾੜੀਆਂ ਨੂੰ ਛੂਹਣ ਦੀ ਇਜਾਜ਼ਤ ਨਹੀਂ ਦੇਵੇਗਾ।" ਇਸ ਦੇ ਨਾਲ ਹੀ ਮਾਹਰਾਂ ਵੱਲੋਂ 'ਅਰਾਵਲੀ ਸ਼੍ਰੇਣੀ' ਦੀ ਪਰਿਭਾਸ਼ਾ ਸਪੱਸ਼ਟ ਕੀਤੇ ਜਾਣ ਤੱਕ ਹਰਿਆਣਾ ਸਰਕਾਰ ਨੂੰ ਜੰਗਲ ਸਫਾਰੀ 'ਤੇ ਇੱਕ ਵਿਸਤ੍ਰਿਤ ਯੋਜਨਾ ਪੇਸ਼ ਕਰਨ ਦੀ ਇਜਾਜ਼ਤ ਦੇਣ ਤੋਂ ਵੀ ਇਨਕਾਰ ਕਰ ਦਿੱਤਾ। ਚੀਫ ਜਸਟਿਸ ਸੂਰਿਆ ਕਾਂਤ, ਜਸਟਿਸ ਜੋਇਮਲਿਆ ਬਾਗਚੀ ਅਤੇ ਜਸਟਿਸ ਵਿਪੁਲ ਐਮ. ਪੰਚੋਲੀ ਦੇ ਬੈਂਚ ਨੇ ਕਿਹਾ ਕਿ ਅਰਾਵਲੀ ਪਹਾੜੀਆਂ ਨਾਲ ਸੰਬੰਧਿਤ ਮੁੱਖ ਕੇਸ 'ਤੇ ਵਿਚਾਰ ਕਰਦੇ ਸਮੇਂ 'ਚਿੜੀਆਘਰ ਸਫਾਰੀ' ਦੇ ਮੁੱਦੇ 'ਤੇ ਵਿਚਾਰ ਕੀਤਾ ਜਾਵੇਗਾ। ਹਰਿਆਣਾ ਦੀ ਨੁਮਾਇੰਦਗੀ ਕਰਨ ਵਾਲੇ ਵਕੀਲ ਨੇ ਕਿਹਾ ਕਿ ਉਨ੍ਹਾਂ ਨੇ ਸਫਾਰੀ ਪ੍ਰੋਜੈਕਟ ਦੀ ਵਿਸਤ੍ਰਿਤ ਪ੍ਰੋਜੈਕਟ ਰਿਪੋਰਟ (ਡੀ. ਪੀ. ਆਰ.) ਨੂੰ 10,000 ਏਕੜ ਤੋਂ 5,300 ਏਕੜ ਤੋਂ ਵੱਧ ਕਰਨ ਲਈ ਸੋਧਿਆ ਹੈ। ਉਨ੍ਹਾਂ ਕਿਹਾ ਕਿਹਾ ਕਿ ਉਹ ਸਿਰਫ ਕੇਂਦਰੀ ਅਧਿਕਾਰ ਪ੍ਰਾਪਤ ਕਮੇਟੀ (ਸੀ. ਈ. ਸੀ.) ਦੇ ਸਾਹਮਣੇ ਸਮੀਖਿਆ ਲਈ ਡੀ. ਪੀ. ਆਰ. ਜਮ੍ਹਾਂ ਕਰਾਉਣ ਦੀ ਇਜਾਜ਼ਤ ਚਾਹੁੰਦੇ ਹਨ। ਬੈਂਚ ਨੇ ਕਿਹਾ, "ਅਸੀਂ ਮਾਹਰ ਨਹੀਂ ਹਾਂ। ਅਰਾਵਲੀ ਦੀ ਪਰਿਭਾਸ਼ਾ ਮਾਹਰਾਂ ਦੁਆਰਾ ਤੈਅ ਕੀਤੀ ਜਾਵੇਗੀ। ਜਦੋਂ ਤੱਕ ਅਰਾਵਲੀ ਪਹਾੜੀਆਂ ਦੀ ਪਰਿਭਾਸ਼ਾ ਨੂੰ ਅੰਤਮ ਰੂਪ ਨਹੀਂ ਦਿੱਤਾ ਜਾਂਦਾ, ਅਸੀਂ ਕਿਸੇ ਨੂੰ ਵੀ ਅਰਾਵਲੀ ਨੂੰ ਛੂਹਣ ਦੀ ਇਜਾਜ਼ਤ ਨਹੀਂ ਦੇਵਾਂਗੇ।" ਚੀਫ ਜਸਟਿਸ ਸੂਰਿਆ ਕਾਂਤ ਨੇ ਕਿਹਾ ਕਿ ਅਰਾਵਲੀ ਸਿਰਫ ਹਰਿਆਣਾ ਜਾਂ ਰਾਜਸਥਾਨ ਨਾਲ ਸੰਬੰਧਿਤ ਨਹੀਂ ਹੈ, ਸਗੋਂ ਇੱਕ ਪਹਾੜੀ ਲੜੀ ਹੈ, ਜੋ ਕਈ ਰਾਜਾਂ ਵਿੱਚੋਂ ਲੰਘਦੀ ਹੈ। ਉਨ੍ਹਾਂ ਹਰਿਆਣਾ ਸਰਕਾਰ ਦੇ ਵਕੀਲ ਨੂੰ ਕਿਹਾ, "ਅਸੀਂ ਮੁੱਖ ਕੇਸ ਦੇ ਨਾਲ ਚਿੜੀਆਘਰ ਸਫਾਰੀ ਮੁੱਦੇ 'ਤੇ ਵੀ ਵਿਚਾਰ ਕਰਾਂਗੇ। ਹਰਿਆਣਾ ਸਰਕਾਰ ਦੇ ਵਕੀਲ ਨੇ ਜਵਾਬ ਦਿੱਤਾ ਕਿ ਮੁੱਖ ਕੇਸ ਪੂਰੀ ਤਰ੍ਹਾਂ ਵੱਖਰਾ ਹੈ ਅਤੇ ਜੰਗਲ ਸਫਾਰੀ ਮੁੱਦਾ ਵੱਖਰਾ ਹੈ।" ਬੈਂਚ ਨੇ ਟਿੱਪਣੀ ਕੀਤੀ, "ਕਈ ਵਾਰ, ਸੀ. ਈ. ਸੀ. ਇਜਾਜ਼ਤ ਦੇਣ ਵਿੱਚ ਬਹੁਤ ਚੋਣਵੇਂ ਹੁੰਦੇ ਹਨ। ਜੇਕਰ ਅਸੀਂ ਇਸਦੀ ਇਜਾਜ਼ਤ ਦਿੰਦੇ ਹਾਂ, ਤਾਂ ਉਹ ਇੱਕ ਬਹੁਤ ਹੀ ਲੁਭਾਵਨੀ ਤਸਵੀਰ ਪੇਸ਼ ਕਰਨਗੇ ਕਿ ਇਹ ਦਰੱਖਤ, ਜੰਗਲੀ ਜੀਵ ਅਤੇ ਜੰਗਲ ਹਨ।" ਸੀ. ਜੇ. ਆਈ. ਸੂਰਿਆ ਕਾਂਤ ਨੇ ਕਿਹਾ ਕਿ ਮਾਹਰ ਕਮੇਟੀ ਦੀ ਰਾਏ ਪ੍ਰਾਪਤ ਹੋਣ ਤੋਂ ਬਾਅਦ ਸਫਾਰੀ ਪ੍ਰੋਜੈਕਟ 'ਤੇ ਵਿਚਾਰ ਕੀਤਾ ਜਾਵੇਗਾ। ਪਿਛਲੇ ਸਾਲ ਅਕਤੂਬਰ ਵਿੱਚ ਸੁਪਰੀਮ ਕੋਰਟ ਨੇ ਪ੍ਰਸਤਾਵਿਤ 'ਅਰਾਵਲੀ ਜੰਗਲ ਸਫਾਰੀ ਪ੍ਰੋਜੈਕਟ' 'ਤੇ ਰੋਕ ਲਗਾ ਦਿੱਤੀ ਸੀ ਜਿਸਨੂੰ ਹਰਿਆਣਾ ਸਰਕਾਰ ਦੁਨੀਆਂ ਦੀ ਸਭ ਤੋਂ ਵੱਡੀ ਚਿੜੀਆਘਰ ਸਫਾਰੀ ਵਜੋਂ ਪੇਸ਼ ਕਰ ਰਹੀ ਸੀ। 'ਚਿੜੀਆਘਰ ਸਫਾਰੀ' ਪ੍ਰੋਜੈਕਟ ਦਾ ਉਦੇਸ਼ ਗੁਰੂਗ੍ਰਾਮ ਅਤੇ ਨੂਹ ਜ਼ਿਲ੍ਹਿਆਂ ਵਿੱਚ ਸਥਿਤ ਵਾਤਾਵਰਣ ਪੱਖੋਂ ਨਾਜ਼ੁਕ ਅਰਾਵਲੀ ਪਹਾੜੀ ਸ਼੍ਰੇਣੀ ਦੇ 10,000 ਏਕੜ ਵਿੱਚ ਬਾਘਾਂ, ਚੀਤਿਆਂ, ਸ਼ੇਰਾਂ ਲਈ ਖੇਤਰ ਸਥਾਪਤ ਕਰਨਾ ਅਤੇ ਸੈਂਕੜੇ ਕਿਸਮਾਂ ਦੇ ਪੰਛੀਆਂ, ਸੱਪਾਂ ਅਤੇ ਤਿਤਲੀਆਂ ਨੂੰ ਪਨਾਹ ਪ੍ਰਦਾਨ ਕਰਨਾ ਹੈ। ਸੁਪਰੀਮ ਕੋਰਟ ਪੰਜ ਸੇਵਾਮੁਕਤ ਭਾਰਤੀ ਜੰਗਲਾਤ ਸੇਵਾ (ਆਈ. ਐਫ. ਐਸ.) ਅਧਿਕਾਰੀਆਂ ਅਤੇ ਐਨ. ਜੀ. ਓ. 'ਪੀਪਲ ਫਾਰ ਅਰਾਵਲੀ' ਦੁਆਰਾ ਸਾਂਝੇ ਤੌਰ 'ਤੇ ਦਾਇਰ ਪਟੀਸ਼ਨ ਦੀ ਸੁਣਵਾਈ ਕਰ ਰਹੀ ਸੀ, ਜਿਸ ਵਿੱਚ ਦੋਸ਼ ਲਗਾਇਆ ਗਿਆ ਸੀ ਕਿ ਇਹ ਪ੍ਰੋਜੈਕਟ ਪਹਿਲਾਂ ਹੀ ਨੁਕਸਾਨੀ ਗਈ ਅਰਾਵਲੀ ਪਹਾੜੀ ਸ਼੍ਰੇਣੀ ਲਈ ਵਿਨਾਸ਼ਕਾਰੀ ਹੋਵੇਗਾ।

ਸੁਪਰੀਮ ਕੋਰਟ ਨੇ 29 ਦਸੰਬਰ ਨੂੰ ਅਰਾਵਲੀ ਦੀ ਨਵੀਂ ਪਰਿਭਾਸ਼ਾ 'ਤੇ ਹੋਏ ਵਿਵਾਦ ਤੋਂ ਬਾਅਦ ਆਪਣੇ 20 ਦਸੰਬਰ ਦੇ ਨਿਰਦੇਸ਼ 'ਤੇ ਰੋਕ ਲਗਾ ਦਿੱਤੀ, ਜਿਸ ਵਿੱਚ ਇਨ੍ਹਾਂ ਪਹਾੜੀਆਂ ਅਤੇ ਪਹਾੜੀ ਸ਼੍ਰੇਣੀਆਂ ਦੀ ਇੱਕ ਸਮਾਨ ਪਰਿਭਾਸ਼ਾ ਨੂੰ ਸਵੀਕਾਰ ਕੀਤਾ ਸੀ।

ਇਸ ਗੱਲ ਦਾ ਜ਼ਿਕਰ ਕਰਨਾ ਵੀ ਬਣਦਾ ਹੈ ਕਿ ਆਜ਼ਾਦੀ ਤੋਂ ਬਾਅਦ ਅੱਜ ਤਕ ਕਿਸੇ ਵੀ ਸਰਕਾਰ ਨੇ ਖੇਤੀ ਸੰਬਧੀ ਕੋਈ ਠੋਸ ਨੀਤੀ ਨਹੀਂ ਬਣਾਈ, ਜਿਸ ਕਾਰਨ ਖੇਤੀ ਵਿੱਚ ਦਿਨੋਂ ਦਿਨ ਨਿਘਾਰ ਆਇਆ ਹੈ । ਜੇਕਰ ਆਪਾਂ ਪਿਛਲੇ ਸੱਤਰ ਸਾਲਾਂ ਦਾ ਲੇਖਾ-ਜੋਖਾ ਕਰੀਏ ਤਾਂ ਵੇਖਦੇ ਹਾਂ ਕਿ ਖੇਤੀ ਨਾਲ ਸੰਬਧਤ ਵਸਤਾਂ ਦੀ ਕੀਮਤ ਵਿੱਚ ਤਾਂ ਸੌ ਗੁਣਾ ਵਾਧਾ ਹੋਇਆ ਹੈ ਪਰ ਫ਼ਸਲਾਂ ਦੇ ਭਾਅ ਵਿੱਚ ਸਿਰਫ਼ ਨਿਗੂਣਾ ਜਿਹਾ ਵਾਧਾ ਹੀ ਹੋਇਆ ਹੈ । ਜਿਸ ਨੂੰ ਵੇਖ ਕੇ ਲੱਗਦਾ ਹੈ ਕਿ ਸਰਕਾਰ ਵੀ ਖੇਤੀ ਦੇ ਕਿੱਤੇ ਪ੍ਰਤੀ ਬਹੁਤੀ ਗੰਭੀਰ ਨਹੀਂ ਹੈ ।



ਖੇਤੀ ਨੂੰ ਸਿਰਫ਼ ਢਿੱਡ ਭਰਨ ਦਾ ਸਾਧਨ ਨਹੀਂ ਸਗੋਂ ਇੱਕ ਵਪਾਰ ਵਜੋਂ ਵਿਕਸਤ ਕਰਨ ਦੀ ਲੋੜ

# ਨਵੀਂ ਪੀੜ੍ਹੀ ਦਾ ਖੇਤੀ ਦੇ ਕਿੱਤੇ ਤੋਂ ਕਿਉਂ ਹੋ ਰਿਹੈ ਮੋਹ ਭੰਗ?

ਮਨਜੀਤ ਮਾਨ
ਮੋ. 70098-98044


ਪੰਜਾਬ ਦੀ ਧਰਤੀ ਸੰਸਾਰ ਦੇ ਉਨ੍ਹਾਂ ਜਰਖੇਜ਼ ਖ਼ਿੱਤਿਆਂ ਵਿੱਚ ਆਉਂਦੀ ਹੈ ਜਿਹੜੇ ਖੇਤੀਬਾੜੀ ਲਈ ਉੱਤਮ ਮੰਨੇ ਜਾਂਦੇ ਹਨ । ਇਸ ਕਰਕੇ ਹੀ ਮੁੱਢ ਤੋਂ ਪੰਜਾਬ ਅਤੇ ਖੇਤੀਬਾੜੀ ਦਾ ਰਿਸ਼ਤਾ ਨਹੁੰ-ਮਾਸ ਵਾਲਾ ਰਿਹਾ ਹੈ । ਪੰਜਾਬ ਦੀ ਬਹੁਗਿਣਤੀ ਆਬਾਦੀ ਸਿੱਧੇ ਜਾਂ ਅਸਿੱਧੇ ਤੌਰ 'ਤੇ ਖੇਤੀਬਾੜੀ ਨਾਲ ਜੁੜੀ ਹੋਈ ਹੋਣ ਕਰ ਕੇ ਹੀ ਇੱਥੋਂ ਦੀ ਆਰਥਕਤਾ, ਸਭਿਆਚਾਰ ਅਤੇ ਸਮਾਜਕ ਜੀਵਨ ਪੂਰੀ ਤਰ੍ਹਾਂ ਖੇਤੀਬਾੜੀ ਦੇ ਆਲੇ-ਦੁਆਲੇ ਹੀ ਘੁੰਮਦਾ ਹੈ । ਖੇਤੀ ਕਰ ਕੇ ਹੀ ਤਾਂ ਪੰਜਾਬ ਨੂੰ ਭਾਰਤ ਦਾ ਅੰਨ ਭੰਡਾਰ ਕਿਹਾ ਜਾਂਦਾ ਹੈ । ਪਰ ਪਿਛਲੇ ਕੁੱਝ ਦਹਾਕਿਆਂ ਤੋਂ ਵੇਖਣ ਵਿੱਚ ਆਇਆ ਹੈ ਕਿ ਪੰਜਾਬ ਦੀ ਨੌਜਵਾਨੀ ਖੇਤੀ ਦੇ ਕਿੱਤੇ ਤੋਂ ਦੂਰ ਹੁੰਦੀ ਜਾ ਰਹੀ ਹੈ । ਉਹ ਆਪਣੇ ਇਸ ਪਿਤਾ ਪੁਰਖੀ ਕਿੱਤੇ ਨੂੰ ਛੱਡ ਕੇ ਨੌਕਰੀ ਜਾਂ ਹੋਰ ਕਿੱਤਿਆਂ ਵਲ ਰੁਚਿਤ ਹੋ ਰਹੀ ਹੈ । ਅਜੋਕੀ ਨੌਜਵਾਨੀ ਦਾ ਸਦੀਆਂ ਪੁਰਾਣੇ ਆਪਣੇ ਪਿਤਾ ਪੁਰਖੀ ਕਿੱਤੇ ਤੋਂ ਜਿੱਥੇ ਮੂੰਹ ਮੋੜਨਾ ਗੰਭੀਰ ਚਿੰਤਨ ਦਾ ਵਿਸ਼ਾ ਹੈ ਉੱਥੇ ਹੀ ਨਵੀਂ ਪੀੜ੍ਹੀ ਦੀ ਮਾਨਸਕਤਾ 'ਤੇ ਵੀ ਸਵਾਲ ਖੜ੍ਹੇ ਕਰਦਾ ਹੈ ਕਿ ਉਹ ਕਿਉਂ ਖੇਤੀ ਦੇ ਕਿੱਤੇ ਪ੍ਰਤੀ ਬਦਲ ਰਹੀ ਹੈ । ਜੇਕਰ ਗੌਰ ਨਾਲ ਵੇਖਿਆ ਜਾਵੇ ਤਾਂ ਅਜੋਕੀ ਨੌਜਵਾਨ ਪੀੜ੍ਹੀ ਦੇ ਖੇਤੀ ਦੇ ਧੰਦੇ ਤੋਂ ਮੋਹ ਭੰਗ ਹੋਣ ਦਾ ਕੋਈ ਇੱਕ ਕਾਰਨ ਨਹੀਂ ਬਲਕਿ ਇਸ ਪਿੱਛੇ ਬਹੁਤ ਸਾਰੇ ਕਾਰਨ ਨਜ਼ਰ ਆਉਂਦੇ ਹਨ । ਇਨ੍ਹਾਂ ਵਿੱਚੋਂ ਇੱਕ ਕਾਰਨ ਤਾਂ ਉਹ ਹੈ ਜੋ ਸਭ ਨੂੰ ਨਜ਼ਰ ਆਉਂਦਾ ਹੈ ਕਿ ਸਮੇਂ ਦੇ ਨਾਲ ਖੇਤੀਬਾੜੀ ਹੁਣ ਲਾਹੇਵੰਦ ਕਿੱਤਾ ਨਹੀਂ ਰਿਹਾ ਹੈ । ਉਹ ਸਮੇਂ ਲੱਦ ਗਏ ਹਨ ਜਦ ਕਿਹਾ ਜਾਂਦਾ ਸੀ ਕਿ ''ਡੂੰਘਾ ਵਾਹ ਲੈ ਹਲ ਵੇ, ਤੇਰੀ ਘਰੇ ਨੌਕਰੀ ?' ਉਨ੍ਹਾਂ ਵੇਲਿਆਂ ਵਿੱਚ ਲੋਕ ਨੌਕਰੀ ਨਾਲੋਂ ਖੇਤੀ ਨੂੰ ਤਰਜੀਹ ਦਿੰਦੇ ਸਨ । ਪ੍ਰੰਤੂ ਅੱਜ ਦੇ ਸਮੇਂ ਵਿੱਚ ਦਿਨੋਂ ਦਿਨ ਵੱਧ ਰਹੀ ਮਹਿੰਗਾਈ ਕਰ ਕੇ ਲਾਗਤ ਮੁੱਲ ਵੱਧ ਰਿਹਾ ਹੈ ਅਤੇ ਮੁਨਾਫ਼ਾ ਘੱਟ ਰਿਹਾ ਹੈ, ਜਿਸ ਕਰ ਕੇ ਖੇਤੀ ਦਿਨੋਂ ਦਿਨ ਘਾਟੇ ਦਾ ਸੌਦਾ ਸਾਬਤ ਹੋ ਰਹੀ ਹੈ । ਮਹਿੰਗੇ ਬੀਜ, ਕੀਟਨਾਸ਼ਕ ਤੇ ਰੇਹਾਂ ਨੇ ਪੰਜਾਬ ਦੀ ਕਿਸਾਨੀ ਦੀ ਹਾਲਤ ਕਮਜ਼ੋਰ ਕਰ ਦਿੱਤੀ ਹੈ । ਇਸ ਕਰ ਕੇ ਵੀ ਨਵੀਂ ਪੀੜ੍ਹੀ ਖੇਤੀ ਦੇ ਕਿੱਤੇ ਤੋਂ ਮੂੰਹ ਮੋੜ ਰਹੀ ਹੈ । ਇਸ ਤੋਂ ਇਲਾਵਾ ਅੱਜ ਹਰ ਪ੍ਰਵਾਰ ਦੇ ਖ਼ਰਚੇ ਹੀ ਇੰਨੇ ਵੱਧ ਗਏ ਹਨ ਕਿ ਉਹ ਇਕੱਲੇ ਖੇਤੀ ਦੇ ਕਿੱਤੇ ਨਾਲ ਪੂਰੇ ਨਹੀਂ ਹੋ ਰਹੇ । ਖੇਤੀ ਇੱਕ ਸਬਰ ਵਾਲਾ ਕਿੱਤਾ ਹੈ ਜਿਸ ਵਿੱਚ ਤੁਹਾਨੂੰ ਪਹਿਲਾਂ ਛੇ ਮਹੀਨੇ ਮਿਹਨਤ ਕਰਨੀ ਪੈਂਦੀ ਹੈ ਤੇ ਫਿਰ ਉਸ ਤੋਂ ਬਾਅਦ ਫੱਲ ਮਿਲਦਾ ਹੈ ਪਰ ਅਜੋਕੀ ਜੀਵਨ ਜਾਂਚ ਵਿੱਚ ਨਿੱਤ ਰੁਪਏ ਚਾਹੀਦੇ ਹਨ ਜਿਸ ਕਰ ਕੇ ਵੀ ਖੇਤੀ ਦੂਜੇ ਕਿੱਤਿਆਂ ਦੇ ਮੁਕਾਬਲੇ ਪਛੜ ਗਈ ਹੈ ਕਿਉਂਕਿ ਹੋਰ ਕੰਮ ਧੰਦੇ ਵਿੱਚ ਰੋਜ਼ ਦੀ ਰੋਜ਼ ਕਮਾਈ ਹੁੰਦੀ ਹੈ ਪਰ ਖੇਤੀ ਦੇ ਕਿੱਤੇ ਵਿੱਚ ਅਜਿਹਾ ਨਹੀਂ ਹੁੰਦਾ ਹੈ ।

ਇੱਕ ਗੱਲ ਹੋਰ ਕਿ ਇੱਥੇ ਆਪਾਂ ਇਕੱਲੀ ਮਹਿੰਗਾਈ ਨੂੰ ਵੀ ਜ਼ਿੰਮੇਵਾਰ ਨਹੀਂ ਠਹਿਰਾਅ ਸਕਦੇ । ਇਸ ਦੇ ਨਾਲ ਅਜੋਕਾ ਖ਼ਪਤ ਸਭਿਆਚਾਰ ਵੀ ਸਾਡੀ ਨੌਜਵਾਨ ਪੀੜ੍ਹੀ ਨੂੰ ਖੇਤੀਬਾੜੀ ਤੋਂ ਦੂਰ ਕਰਨ ਵਿੱਚ ਬਹੁਤ ਹੱਦ ਤਕ ਜ਼ਿੰਮੇਵਾਰ ਹੈ । ਅੱਜ ਦੇ ਸਮੇਂ ਵਿੱਚ ਕਿਹਾ ਜਾਂਦਾ ਹੈ ਕਿ 'ਖਾਉ-ਪੀਉ ਤੇ ਐਸ਼ ਕਰੋ, ਇਸ ਜੱਗ ਤੋਂ ਕੁੱਝ ਨਹੀਂ ਲੈ ਜਾਣਾ' ਵਾਲੇ ਫ਼ਲਸਫੇ ਨੇ ਹੀ ਨੌਜਵਾਨੀ ਨੂੰ ਬਹੁਤ ਜ਼ਿਆਦਾ ਪ੍ਰਭਾਵਤ ਕੀਤਾ ਹੈ । ਇਸ ਫ਼ਲਸਫ਼ੇ 'ਤੇ ਚੱਲਦਿਆਂ ਹੀ ਉਹ ਆਪਣੇ ਪੁਰਖਿਆਂ ਵਾਂਗ ਜ਼ਮੀਨ ਨਾਲ ਨਹੀਂ ਜੁੜ ਰਹੇ ਜਿਸ ਕਰ ਕੇ ਉਹ ਬੇਫ਼ਿਕਰ ਹੋ ਕੇ ਜ਼ਮੀਨਾਂ ਵੇਚ ਰਹੇ ਹਨ । ਅੱਜ ਸਾਡੇ ਆਲੇ ਦੁਆਲੇ ਗੀਤ ਸੰਗੀਤ ਤੇ ਫ਼ਿਲਮਾਂ ਜ਼ਰੀਏ ਅਜਿਹਾ ਮਾਹੌਲ ਸਿਰਜਿਆ ਜਾ ਰਿਹਾ ਹੈ, ਜਿਸ ਵਿੱਚ ਜ਼ਮੀਨ ਵੇਚਣ ਵਾਲੇ ਦੀ ਵਡਿਆਈ ਕੀਤੀ ਜਾ ਰਹੀ ਹੈ । ਅਜੋਕੇ ਗੀਤਾਂ ਵਿੱਚ ਇਹ ਗੱਲ ਆਮ ਵੇਖਣ ਸੁਣਨ ਨੂੰ ਮਿਲਦੀ ਹੈ ਕਿ ਜੱਟ ਦਾ ਕਿੱਲਾ ਕਰੋੜ ਦਾ ਹੋ ਗਿਆ ਹੈ, ਫਿਰ ਉਸ ਨੂੰ ਕੰਮ ਕਰਨ ਦੀ ਕੀ ਲੋੜ ਹੈ । ਜੱਟ ਤਾਂ ਜ਼ਮੀਨ ਵੇਚ ਕੇ ਸਾਰੇ ਚਾਅ ਪੂਰੇ ਕਰ ਲਵੇਗਾ । ਕਹਿਣ ਦਾ ਭਾਵ ਨੌਜਵਾਨੀ ਨੂੰ ਜ਼ਮੀਨ ਵੇਚਣ ਲਈ ਪ੍ਰੇਰਿਤ ਕੀਤਾ ਜਾ ਰਿਹਾ ਹੈ । ਅਜਿਹਾ ਮਾਹੌਲ ਵੀ ਕਿਤੇ ਨਾ ਕਿਤੇ ਨੌਜਵਾਨੀ ਦਾ ਜ਼ਮੀਨ ਤੋਂ ਮੋਹ ਤੋੜਨ ਵਿੱਚ ਅਹਿਮ ਭੂਮਿਕਾ ਨਿਭਾ ਰਿਹਾ ਹੈ । ਪੁਰਾਣੇ ਸਮੇਂ ਵਿੱਚ ਲੋਕ ਭੁੱਖੇ ਮਰ ਜਾਂਦੇ ਸਨ ਪਰ ਛੇਤੀ ਕਿਤੇ ਆਪਣੀ ਜ਼ਮੀਨ ਨਹੀਂ ਸਨ ਵੇਚਦੇ ਕਿਉਂਕਿ ਉਹ ਜ਼ਮੀਨ ਨੂੰ ਮਾਂ ਦੇ ਬਰਾਬਰ ਦਾ ਦਰਜਾ ਦਿੰਦੇ ਸਨ । ਜੇਕਰ ਕਦੇ ਕਿਸੇ ਨੂੰ ਮਜ਼ਬੂਰੀ ਵੱਸ ਜ਼ਮੀਨ ਵੇਚਣੀ ਵੀ ਪੈ ਜਾਂਦੀ ਸੀ ਤਾਂ ਉਹ ਸਾਲ-ਛੇ ਮਹੀਨੇ ਚਾਰ ਬੰਦਿਆਂ ਦੇ ਮੱਥੇ ਨਹੀਂ ਲੱਗਦਾ ਸੀ ਕਿ ਲੋਕ ਕੀ ਕਹਿਣਗੇ ਵੀ ਇਸ ਨੇ ਆਪਣੀ ਜ਼ਮੀਨ ਹੀ ਵੇਚ ਦਿੱਤੀ ਹੈ । ਪਰ ਅੱਜ ਲੋਕ ਜ਼ਮੀਨ ਵੇਚਣ ਤੋਂ ਸ਼ਰਮ ਮਹਿਸੂਸ ਨਹੀਂ ਕਰਦੇ, ਬਲਕਿ ਮਾਣ ਨਾਲ ਦੱਸਦੇ ਹਨ ਕਿ ਮੈਂ ਕਰੋੜ ਦਾ ਕਿੱਲਾ ਵੇਚਿਆ ਹੈ । ਅਜੋਕੀ ਨੌਜਵਾਨੀ ਵਿੱਚ ਉਹ ਪੁਰਾਣੇ ਸਮੇਂ ਵਾਲੀ ਜੱਟ ਤੇ ਜ਼ਮੀਨ ਵਿਚਲੀ ਭਾਵਆਤਮਕ ਸਾਂਝ ਹੌਲੀ-

ਬਾਕੀ ਸਫਾ 12 'ਤੇ



ਇਸ ਤਰ੍ਹਾਂ ਜੇਕਰ ਅਸੀਂ ਚਾਹੁੰਦੇ ਹਾਂ ਕਿ ਅਜੋਕੀ ਨੌਜਵਾਨੀ ਮੁੜ ਖੇਤੀ ਵੱਲ ਪਰਤੇ ਤਾਂ ਸਰਕਾਰ ਨੂੰ ਖੇਤੀ ਨੀਤੀ ਵਿੱਚ ਵੱਡੇ ਸੁਧਾਰ ਕਰਨੇ ਪੈਣਗੇ । ਸਰਕਾਰ ਖੇਤੀ ਨੂੰ ਨਵੀਂ ਤਕਨੀਕ ਨਾਲ ਜੋੜ ਕੇ ਕਿਸਾਨੀ ਨੂੰ ਫ਼ਸਲੀ ਚੱਕਰ ਵਿੱਚੋਂ ਕੱਢ ਕੇ ਸਹਾਇਕ ਧੰਦੇ (ਜਿਵੇਂ ਡੇਅਰੀ ਫਾਰਮਿੰਗ, ਮਧੂ-ਮੱਖੀ ਪਾਲਣ) ਅਪਣਾਉਣ ਲਈ ਪ੍ਰੇਰਿਤ ਕਰਨਾ ਪਵੇਗਾ । ਇਸ ਦੇ ਨਾਲ ਹੀ ਸਰਕਾਰ ਨੂੰ ਫ਼ਸਲਾਂ ਦੇ ਵਾਜਬ ਭਾਅ ਯਕੀਨੀ ਬਣਾਉਣ ਵੱਲ ਵੀ ਧਿਆਨ ਦੇਣਾ ਹੋਵੇਗਾ । ਅੱਜ ਖੇਤੀ ਨੂੰ ਸਿਰਫ਼ ਢਿੱਡ ਭਰਨ ਦਾ ਸਾਧਨ ਨਹੀਂ, ਸਗੋਂ ਇੱਕ ਵਪਾਰ ਵਜੋਂ ਵਿਕਸਤ ਕਰਨ ਦੀ ਲੋੜ ਹੈ । ਫਿਰ ਵੀ ਨਵੀਂ ਪੀੜ੍ਹੀ ਖੇਤੀ ਦੇ ਕਿੱਤੇ ਨਾਲ ਜੁੜ ਸਕਦੀ ਹੈ ।



# ਫਾਰਮ ਬਾਇਓਸਕਿਊਰਿਟੀ - ਸੁਰੱਖਿਅਤ ਫਾਰਮ ਦੀ ਬੁਨਿਆਦ

**ਅਜੈ ਸਿੰਘ ਅਤੇ ਆਲੋਕ ਗੁਪਤਾ, ਕ੍ਰਿਸ਼ੀ ਵਿਗਿਆਨ ਕੇਂਦਰ, ਮਾਨਸਾ**
ਮੋਬਾਇਲ : 98961-02398

ਬਾਇਓਸਕਿਊਰਿਟੀ ਦਾ ਸਿੱਧਾ ਮਤਲਬ ਹੈ ਰੋਗਾਣੂਆਂ ਜਿਵੇਂ ਕਿ ਵਾਇਰਸ, ਬੈਕਟੀਰੀਆ, ਫੰਗਸ, ਪਰਜੀਵੀ ਨੂੰ ਫਾਰਮ ਵਿੱਚ ਦਾਖਲ ਹੋਣ ਤੋਂ ਰੋਕਣਾ ਅਤੇ ਜੇਕਰ ਕੋਈ ਰੋਗ ਆ ਵੀ ਜਾਵੇ ਤਾਂ ਉਸ ਨੂੰ ਫੈਲਣ ਤੋਂ ਰੋਕ ਕੇ ਪੂਰੇ ਫਾਰਮ ਦੀ ਸਿਹਤ ਨੂੰ ਬਚਾਉਣਾ ।



ਸਭ ਤੋਂ ਪਹਿਲਾਂ ਬਾਹਰੀ ਬਾਇਓਸਕਿਊਰਿਟੀ ਬਹੁਤ ਜ਼ਰੂਰੀ ਹੈ । ਫਾਰਮ ਦੀ ਆਮ ਸੜਕਾਂ ਤੋਂ ਦੂਰੀ ਘੱਟੋ-ਘੱਟ 500 ਮੀਟਰ ਹੋਣੀ ਚਾਹੀਦੀ ਹੈ । ਫਾਰਮ ਹਮੇਸ਼ਾਂ ਗੰਦੇ ਨਾਲਿਆਂ ਅਤੇ ਖੁੱਲ੍ਹੇ ਗੋਬਰ/ਕੂੜੇ ਵਾਲੀਆਂ ਜਗ੍ਹਾਵਾਂ ਤੋਂ ਦੂਰ ਬਣਾਉਣਾ ਚਾਹੀਦਾ ਹੈ । ਫਾਰਮ ਦੁਆਲੇ 8 ਫੁੱਟ ਉੱਚੀ ਮਜ਼ਬੂਤ ਕੰਧ ਜਾਂ ਜਾਲੀ ਹੋਣੀ ਚਾਹੀਦੀ ਹੈ ਤਾਂ ਜੋ ਜੰਗਲੀ ਜਾਨਵਰ, ਕੁੱਤੇ, ਬਿੱਲੀਆਂ, ਚੂਹੇ ਅਤੇ ਵੱਡੇ ਪੰਛੀ ਅੰਦਰ ਨਾ ਆ ਸਕਣ । ਇਹ ਸਾਰੇ ਜੀਵ ਬਹੁਤ ਸਾਰੀਆਂ ਖਤਰਨਾਕ ਬਿਮਾਰੀਆਂ ਦੇ ਵਾਹਕ ਹੁੰਦੇ ਹਨ । ਇਹ ਵੀ ਕਾਰਣ ਹੈ ਕਿ ਫਾਰਮ ਅੰਦਰ ਕਈ ਵਾਰ ਬਹੁਤ ਸਾਵਧਾਨੀ ਰੱਖਣ ਉਪਰੰਤ ਦੀ ਬਿਮਾਰੀ ਦਾ ਕੰਟਰੋਲ ਠੀਕ ਨਹੀਂ ਹੁੰਦਾ ।

ਫਾਰਮ ਵਿੱਚ ਦਾਖਲ ਹੋਣ ਲਈ ਸਿਰਫ਼ ਇੱਕ ਹੀ ਗੇਟ ਹੋਣਾ ਚਾਹੀਦਾ ਹੈ । ਇਸ ਗੇਟ ਤੇ ਫੁੱਟ ਬਾਥ (ਜੁੱਤੀਆਂ ਧੋਣ ਵਾਲਾ) ਅਤੇ ਵ੍ਹੀਲ ਬਾਥ (ਟਰੈਕਟਰ/ਗੱਡੀ ਧੋਣ ਵਾਲਾ) ਬਨਾਉਣਾ ਅੱਜ ਦੇ ਸਮੇਂ ਦੀ ਜ਼ਰੂਰਤ ਹੈ । ਫੁੱਟ ਬਾਥ ਵਿੱਚ 2-3% ਫਾਰਮਲਿਨ, 3-5% ਬਲੀਚਿੰਗ ਪਾਊਡਰ ਜਾਂ ਕਿਸੇ ਚੰਗੇ ਡਿਸਇਨਫੈਕਟੈਂਟ ਦਾ ਘੋਲ ਰੋਜ਼ਾਨਾ ਬਦਲ ਕੇ ਰੱਖੋ । ਹਰ ਵਿਅਕਤੀ (ਮਾਲਕ, ਮਜ਼ਦੂਰ, ਪਸ਼ੂ ਡਾਕਟਰ, ਖਰੀਦਦਾਰ) ਨੂੰ ਫਾਰਮ ਵਿੱਚ ਜਾਣ ਤੋਂ ਪਹਿਲਾਂ ਜੁੱਤੇ ਧੋਣੇ ਅਤੇ ਆਪਣੇ ਬਾਹਰੀ ਕੱਪੜੇ ਬਦਲ ਕੇ ਫਾਰਮ ਦੇ ਵਿਸ਼ੇਸ਼ ਬੂਟ/ਓਵਰਆਲ ਪਾਉਣੇ ਚਾਹੀਦੇ ਹਨ । ਇਹ ਛੋਟੇ ਜਿਹੇ ਕਦਮ ਬਹੁਤ ਸਾਰੇ ਰੋਗਾਂ ਨੂੰ ਰੋਕ ਸਕਦਾ ਹੈ ਅਤੇ ਬਿਮਾਰੀਆਂ ਦਾ ਜੜ ਤੋਂ ਖਾਤਮਾ ਕਰਨ ਵਿੱਚ ਸਹਾਈ ਸਿੱਧ ਹੋਏ ਹਨ ।

ਅੰਦਰੂਨੀ ਬਾਇਓਸਕਿਊਰਿਟੀ ਦਾ ਸਭ ਤੋਂ ਅਹਿਮ ਹਿੱਸਾ ਹੈ ਨਵੇਂ ਜਾਨਵਰਾਂ ਦਾ ਕੁਆਰੰਟੀਨ । ਜਦੋਂ ਵੀ ਕੋਈ ਨਵੀਂ ਗਾਂ, ਮੱਝ, ਬੱਕਰੀ ਜਾਂ ਮੁਰਗੀ ਫਾਰਮ ਵਿੱਚ ਲਿਆਂਦੀ ਜਾਵੇ, ਉਸ ਨੂੰ ਘੱਟੋ-ਘੱਟ 15 ਤੋਂ 20 ਦਿਨ ਤੱਕ ਵੱਖਰੇ ਸ਼ੈੱਡ ਵਿੱਚ ਰੱਖੋ । ਇਸ ਦੌਰਾਨ ਉਸ ਦੀ ਰੋਜ਼ਾਨਾ ਨਿਗਰਾਨੀ ਕਰੋ, ਬੁਖਾਰ, ਖੁਰਾਂ ਵਿੱਚ ਸਮੱਸਿਆ, ਥਣਾਂ ਦੀ ਜਾਂਚ ਅਤੇ ਜ਼ਰੂਰੀ ਟੈਸਟ (ਖੂਨ, ਦੁੱਧ, ਮਲ) ਕਰਵਾਓ । ਸਿਰਫ਼ ਪਸ਼ੂ ਡਾਕਟਰ ਦੀ ਮਨਜ਼ੂਰੀ ਤੋਂ ਬਾਅਦ ਹੀ ਇਸ ਨੂੰ ਮੁੱਖ ਫਾਰਮ ਵਿੱਚ ਮਿਲਾਓ । ਇਸ ਨਾਲ ਬ੍ਰਸੇਲੋਸਿਸ, ਟੀਬੀ ਵਰਗੀਆਂ ਲੰਮੇ ਸਮੇਂ ਤੱਕ ਲੁਕੀਆਂ ਰਹਿਣ ਵਾਲੀਆਂ ਬਿਮਾਰੀਆਂ ਫੈਲਣ ਤੋਂ ਰੋਕੀਆਂ ਜਾ ਸਕਦੀਆਂ ਹਨ ।

ਟੀਕਾਕਰਨ ਬਾਇਓਸਕਿਊਰਿਟੀ ਦਾ ਬਹੁਤ ਵੱਡਾ ਹਿੱਸਾ ਹੈ । ਪੰਜਾਬ ਵਿੱਚ ਸਰਕਾਰ ਵੱਲੋਂ ਖੁਰ-ਮੂੰਹ, ਗਲਘੋਟੂ, ਬਲੈਕ ਕੁਆਰਟਰ, ਬ੍ਰਸੇਲੋਸਿਸ ਦੇ ਟੀਕੇ ਮੁਫ਼ਤ ਜਾਂ ਬਹੁਤ ਘੱਟ ਕੀਮਤ ਤੇ ਮਿਲਦੇ ਹਨ । ਅੱਜ-ਕੱਲ੍ਹ ਸਾਰੀਆਂ ਬਿਮਾਰੀਆਂ ਲਈ ਇੱਕ ਟੀਕਾ ਵੀ ਉਪਲੱਬਧ ਹੈ ਇਸ ਦੀ ਵਰਤੋਂ ਵੀ ਕੀਤੀ ਜਾ ਸਕਦੀ ਹੈ । ਟੀਕਾਕਰਨ ਸਾਲ ਵਿੱਚ ਦੋ ਵਾਰ ਫ਼ਰਵਰੀ-ਮਾਰਚ ਅਤੇ ਅਗਸਤ-ਸਤੰਬਰ ਵਿੱਚ ਕਰਾਉਣ ਦੀ ਯੋਜਨਾ ਤਿਆਰ ਕਰਨੀ ਅਤੇ ਲਾਹੇਵੰਦ ਸਾਬਤ ਹੋਈ ਹੈ । ਇਨ੍ਹਾਂ ਨੂੰ ਸਮੇਂ ਸਿਰ ਲਗਾਉਣਾ ਬਹੁਤ ਜ਼ਰੂਰੀ ਹੈ । ਹਰ ਜਾਨਵਰ ਲਈ ਵੱਖਰਾ ਟੀਕਾਕਰਨ ਕਾਰਡ ਬਣਾਓ ਅਤੇ ਪੂਰਾ ਰਿਕਾਰਡ ਰੱਖੋ । ਪੋਲਟਰੀ ਫਾਰਮਾਂ ਵਿੱਚ ਰਾਣੀਖੇਤ, ਆਈ ਬੀ ਐਚ, ਗੁੱਮਬੋਰੋ, ਇਨਫੈਕਸ਼ੀਅਸ ਬਰੋਂਕਾਈਟਸ (ਆਈ ਬੀ), ਮੁਰਗਪੋਕਸ ਆਦਿ ਦੇ ਟੀਕੇ ਵੀ ਨਿਯਮਤ ਲਗਾਓ ।



ਫਾਰਮ ਦੀ ਸਫਾਈ ਅਤੇ ਡਿਸਇਨਫੈਕਸ਼ਨ ਬਿਨਾਂ ਬਾਇਓਸਕਿਊਰਿਟੀ ਅਧੂਰੀ ਹੈ । ਆਧੁਨਿਕ ਫਾਰਮਾਂ ਵਿੱਚ ਆਟੋਮੈਟਿਕ ਮਿਲਕਿੰਗ, ਫੈਨ, ਕੂਲਿੰਗ ਸਿਸਟਮ ਅਤੇ ਬਾਇਓਸਕਿਊਰਿਟੀ ਉਪਕਰਣਾਂ ਦੀ ਵਰਤੋਂ ਵੱਧ ਰਹੀ ਹੈ । ਇਹ ਸਭ ਜਾਨਵਰਾਂ ਨੂੰ ਸੁਖਾਵਾਂ ਅਤੇ ਰੋਗਾਂ ਤੋਂ ਬਚਾਉਂਦੇ ਹਨ । ਪਰ ਸਭ ਤੋਂ ਵੱਧ ਜ਼ਰੂਰੀ ਹੈ ਫਾਰਮ ਮਾਲਕ ਦੀ ਜਾਗਰੂਕਤਾ ਅਤੇ ਨਿਯਮਾਂ ਦੀ ਪਾਲਣਾ ।

ਸੰਖੇਪ ਵਿੱਚ, ਜਾਨਵਰਾਂ ਦੀ ਫਾਰਮ ਬਾਇਓਸਕਿਊਰਿਟੀ ਇੱਕ ਸੰਪੂਰਨ ਪ੍ਰਣਾਲੀ ਹੈ ਜਿਸ ਵਿੱਚ ਫਾਰਮ ਡਿਜ਼ਾਈਨ, ਕੁਆਰੰਟੀਨ, ਟੀਕਾਕਰਨ, ਸਫਾਈ, ਰਿਕਾਰਡ, ਸਿਖਲਾਈ ਅਤੇ ਤੁਰੰਤ ਕਾਰਵਾਈ ਸ਼ਾਮਲ ਹੈ । ਜੇ ਇਹ ਸਾਰੇ ਕਦਮ ਨਿਯਮਤ ਅਤੇ ਸਖ਼ਤੀ ਨਾਲ ਅਪਣਾਏ ਜਾਣ ਤਾਂ ਫਾਰਮ ਦਾ ਨੁਕਸਾਨ ਬਹੁਤ ਘੱਟ ਹੋ ਸਕਦਾ ਹੈ, ਜਾਨਵਰ ਸਿਹਤਮੰਦ ਰਹਿੰਦੇ ਹਨ, ਦੁੱਧ/ਮੀਟ ਦਾ ਉਤਪਾਦਨ ਵਧਦਾ ਹੈ ਅਤੇ ਪਸ਼ੂ ਪਾਲਣ ਦਾ ਕਾਰੋਬਾਰ ਲੰਬੇ ਸਮੇਂ ਤੱਕ ਲਾਭਕਾਰੀ ਬਣਿਆ ਰਹਿੰਦਾ ਹੈ । ਇਸ ਲਈ ਹਰ ਪਸ਼ੂ ਪਾਲਕ ਨੂੰ ਬਾਇਓਸਕਿਊਰਿਟੀ ਨੂੰ ਪਹਿਲ ਦੇਣੀ ਚਾਹੀਦੀ ਹੈ ।

# ਬੱਕਰੀ ਪਾਲਣ ਦੇ ਕਿੱਤੇ ਨੂੰ ਉੱਦਮ ਵਜੋਂ ਅਪਨਾਉਣ ਦੀ ਲੋੜ

**ਮਧੂ ਸ਼ੈਲੀ ਅਤੇ ਗੁਰਅੰਸ਼ਪ੍ਰੀਤ ਸਿੰਘ ਸੇਠੀ,**
ਡਾਇਰੈਕਟੋਰੇਟ ਪਸਾਰ ਸਿੱਖਿਆ, ਪੀ. ਏ. ਯੂ., ਲੁਧਿਆਣਾ (ਮੋ. 96434-42427)

ਬੱਕਰੀਆਂ ਦੁਨੀਆਂ ਭਰ ਦੇ ਕਿਸਾਨਾਂ ਲਈ ਪਸ਼ੂ ਪਾਲਣ ਦਾ ਬਿਹਤਰ ਬਦਲ ਹਨ ਕਿਉਂਕਿ ਇਹ ਬਹੁਤ ਹੀ ਮਾੜੇ ਹਾਲਾਤ ਅਤੇ ਘੱਟ ਖੁਰਾਕ ਖਾ ਕੇਆਪਣਾ ਗੁਜ਼ਾਰਾ ਕਰ ਸਕਦੀ ਹੈ । ਬੱਕਰੀ ਦੀ ਇਹ ਖਾਸੀਅਤ ਹੈ ਕਿ ਇਹ ਕਈ ਤਰ੍ਹਾਂ ਦੀਆਂ ਮੌਸਮੀ ਸਥਿਤੀਆਂ ਵਿੱਚ ਵੀ ਵੱਧ-ਫੁੱਲ ਸਕਦੀ ਹੈ । ਆਪਣੀ ਪ੍ਰਜਨਣ ਦਰ ਦੇ ਕਾਰਨ, ਬੱਕਰੀ ਕਿਸਾਨ ਨੂੰ ਜ਼ਿਆਦਾ ਮੁਨਾਫਾ ਦਿੰਦੀ ਹੈ ਅਤੇ ਇਸ ਨੂੰ ਪਾਲਣ ਲਈ ਹੋਰ ਪਸ਼ੂਆਂ ਨਾਲੋਂ ਘੱਟ ਰੱਖ-ਰਖਾਅ ਅਤੇ ਲਾਗਤ ਦੀ ਲੋੜ ਹੁੰਦੀ ਹੈ । ਇਹ ਦੁੱਧ, ਮਾਸ ਅਤੇ ਖਾਦ ਸਮੇਤ ਕਈ ਤਰ੍ਹਾਂ ਦੀਆਂ ਚੀਜ਼ਾਂ ਪੈਦਾ ਕਰਕੇ ਪਸ਼ੂ ਪਾਲਕ ਦੀ ਆਰਥਿਕਤਾ ਨੂੰ ਸਥਿਰ ਕਰਨ ਵਿੱਚ ਯੋਗਦਾਨ ਪਾਉਂਦੀਆਂ ਹਨ । ਅੱਜ ਦੇ ਸਮੇਂ ਵਿੱਚ ਵਪਾਰਕ ਬੱਕਰੀ ਪਾਲਣ ਨੇ ਆਪਣੇ ਵਾਧੇ ਅਤੇ ਮੁਨਾਫੇ ਕਾਰਨ ਖੇਤੀਬਾੜੀ ਕਾਰੋਬਾਰ ਵਜੋਂ ਪ੍ਰਸਿੱਧੀ ਪ੍ਰਾਪਤ ਕੀਤੀ ਹੈ ।

**ਬੱਕਰੀ ਦੀਆਂ ਨਸਲਾਂ ਦੀ ਚੋਣ**

ਨਸਲ ਦੀ ਚੋਣ ਪਸ਼ੂ ਪਾਲਕ ਦੇ ਉਦੇਸ਼ (ਮਾਸ, ਦੁੱਧ ਜਾਂ ਰੇਸਾ ਉਤਪਾਦਨ), ਸਥਾਨਕ ਮੌਸਮੀ ਸਥਿਤੀਆਂ ਅਤੇ ਬਾਜ਼ਾਰ ਦੀ ਮੰਗ ਤੇ ਨਿਰਭਰ ਕਰਦੀ ਹੈ । ਹੇਠਾਂ ਬੱਕਰੀ ਦੀਆਂ ਨਸਲਾਂ ਦੀਆਂ ਵੱਖ-ਵੱਖ ਸ਼੍ਰੇਣੀਆਂ ਦਾ ਵੇਰਵਾ ਦਿੱਤਾ ਗਿਆ ਹੈ :

1. **ਮਾਸ ਉਤਪਾਦਕ ਨਸਲਾਂ** : ਬੋਇਰ, ਬਲੈਕ ਬੰਗਾਲ, ਸਿਰੋਹੀ ।

2. **ਦੁੱਧ ਉਤਪਾਦਕ ਨਸਲਾਂ** : ਜਮੁਨਾਪਰੀ, ਸਾਨੇਨ ।

3. **ਦੋਹਰੇ ਉਦੇਸ਼ ਵਾਲੀਆਂ ਨਸਲਾਂ** : ਬੀਟਲ, ਬਰਬਰੀ, ਉਸਮਾਨਾਬਾਦੀ ।

4. **ਰੇਸ਼ੇ ਦੇ ਉਤਪਾਦਨ ਵਾਲੀਆਂ ਨਸਲਾਂ** : ਅੰਗੋਰਾ, ਪਸ਼ਮੀਨਾ ।

ਪੰਜਾਬ ਵਿੱਚ ਪਸੰਦ ਕੀਤੀਆਂ ਜਾਣ ਵਾਲੀਆਂ ਨਸਲਾਂ ਵਿੱਚ ਬੀਟਲ, ਜਮਨਾਪਾਰੀ, ਬਰਬਰੀ ਸ਼ਾਮਲ ਹਨ ।



**ਰਿਹਾਇਸ਼ ਅਤੇ ਫਾਰਮ ਦੀ ਬਣਤਰ**

ਬੱਕਰੀ ਦੀ ਸਿਹਤ ਅਤੇ ਉਤਪਾਦਕਤਾ ਲਈ ਸਹੀ ਰਿਹਾਇਸ਼ ਜ਼ਰੂਰੀ ਹੈ ।

★ ਬੱਕਰੀ ਦੇ ਵਾੜੇ ਹਵਾਦਾਰ ਹੋਣ ਅਤੇ ਹਰੇਕ ਬੱਕਰੀ ਲਈ ਲਗਭਗ 10-15 ਵਰਗ ਫੁੱਟ ਜਗ੍ਹਾ ਦੀ ਲੋੜ ਹੁੰਦੀ ਹੈ ।

★ ਆਲੇ ਦੁਆਲੇ ਨਾਲੋਂ ਫਾਰਮ ਦਾ ਫਰਸ਼ ਉੱਚਾ ਹੋਣਾ ਚਾਹੀਦਾ ਹੈ ਕਿਉਂਕਿ ਉੱਚਾ ਫਰਸ਼ (ਇੱਟ ਜਾਂ ਕੰਕਰੀਟ) ਪਾਣੀ ਦੀ ਖੜੋਤ ਨੂੰ ਰੋਕ ਕੇ ਅਤੇ ਪਰਜੀਵੀਆਂ ਦੇ ਸੰਕਰਮਣ ਨੂੰ ਘਟਾ ਕੇ ਸਫਾਈ ਬਣਾਈ ਰੱਖਣ ਵਿੱਚ ਮਦਦ ਕਰਦਾ ਹੈ । ਸੱਟਾਂ ਤੋਂ ਬਚਾਅ ਲਈ ਫਰਸ਼ ਤਿਲਕਵਾਂ ਨਹੀਂ ਹੋਣਾ ਚਾਹੀਦਾ ।

★ ਬੱਕਰੀ ਫਾਰਮ ਲਈ ਬਣਾਈ ਗਈ ਛੱਤ ਪੱਕੀ ਅਤੇ ਚੰਗੀ ਤਰ੍ਹਾਂ ਬਣਾਈ ਜਾਣੀ ਚਾਹੀਦੀ ਹੈ ਤਾਂ ਜੋ ਇਹ ਬੱਕਰੀਆਂ ਨੂੰ ਭਾਰੀ ਮੀਂਹ, ਤੇਜ਼ ਧੁੱਪ ਅਤੇ ਤੇਜ਼ ਹਵਾਵਾਂ ਤੋਂ ਬਚਾ ਸਕੇ ।

★ ਫੀਡ ਦੀ ਬਰਬਾਦੀ ਅਤੇ ਗੰਦਗੀ ਨੂੰ ਘੱਟ ਕਰਨ ਲਈ ਸਹੀ ਢੰਗ ਨਾਲ ਬਣਾਈ ਖੁਰਲੀ ਚੰਗੀ ਹੁੰਦੀ ਹੈ ।

★ ਸਫਾਈ ਬਣਾਈ ਰੱਖਣ ਲਈ ਪਿਸ਼ਾਬ ਅਤੇ ਮਲ ਨੂੰ ਨਿਯਮਤ ਤੌਰ 'ਤੇ ਬਾਹਰ ਕੱਢਿਆ ਜਾਣਾ ਚਾਹੀਦਾ ਹੈ ।

★ ਦੁਧਾਰੂ ਬੱਕਰੀਆਂ, ਗੱਭਣ ਬੱਕਰੀਆਂ ਅਤੇ ਛੋਟੇ ਬੱਚਿਆਂ ਲਈ ਵੱਖਰਾ ਸ਼ੈੱਡ ਹੋਣਾ ਜ਼ਰੂਰੀ ਹੈ ।

**ਖੁਰਾਕ ਦਾ ਪ੍ਰਬੰਧ**

★ ਲੂਸਰਨ, ਮੱਕੀ ਅਤੇ ਨੇਪੀਅਰ ਘਾਹ, ਸੁੱਕਾ ਚਾਰਾ ਜਿਵੇਂ ਕਿ ਭੌਂ ਅਤੇ ਤੂੜੀ ਵੀ ਦਿੱਤੀ ਜਾਣੀ ਚਾਹੀਦੀ ਹੈ ।

★ ਪ੍ਰੋਟੀਨ ਨਾਲ ਭਰਪੂਰ ਖੁਰਾਕੀ ਪਦਾਰਥ ਜਿਵੇਂ ਕਿ ਖਲ੍ਹਾਂ, ਅਨਾਜ ਅਤੇ ਦਾਲਾਂ ਨੂੰ ਖੁਰਾਕ ਵਿੱਚ ਸ਼ਾਮਲ ਕਰਨਾ ਚਾਹੀਦਾ ਹੈ ।

★ ਜ਼ਰੂਰੀ ਖਣਿਜ ਅਤੇ ਲੂਣ ਰਾਸ਼ਨ ਵਿੱਚ ਸ਼ਾਮਲ ਕੀਤੇ ਜਾਣੇ ਚਾਹੀਦੇ ਹਨ ।

★ ਸਾਫ ਅਤੇ ਤਾਜ਼ਾ ਪੀਣ ਵਾਲਾ ਪਾਣੀ ਪਸ਼ੂ ਨੂੰ ਹਰ ਸਮੇਂ ਮੁਹੱਈਆ ਹੋਣਾ ਚਾਹੀਦਾ ਹੈ ।

★ ਖਰਾਬ ਮੌਸਮ ਦੌਰਾਨ ਉਤਪਾਦਕਤਾ ਬਣਾਈ ਰੱਖਣ ਲਈ ਸਾਈਲੇਜ਼ ਅਤੇ ਸਟੋਰ ਕੀਤੀ ਫੀਡ ਦੀ ਵਰਤੋਂ ਕੀਤੀ ਜਾਣੀ ਚਾਹੀਦੀ ਹੈ ।

**ਪ੍ਰਜਣਨ ਪ੍ਰਬੰਧ**

ਬੱਕਰੀਆਂ ਵਿੱਚ ਗਰਭਕਾਲ 150 ਦਿਨਾਂ ਦਾ ਹੁੰਦਾ ਹੈ ਅਤੇ ਫਾਰਮ ਤੇ ਇੱਕ ਸਿਹਤਮੰਦ ਬੋਕ 25-30 ਬੱਕਰੀਆਂ ਲਈ ਕਾਫੀ ਹੁੰਦਾ ਹੈ ।

ਜਨਮ ਤੋਂ ਬਾਅਦ ਬੱਚਿਆਂ ਨੂੰ ਪ੍ਰਤੀਰੋਧਕ ਸ਼ਕਤੀ ਮਜਬੂਤ ਕਰਨ ਲਈ ਪਹਿਲੇ 2 ਘੰਟੇ ਦੇ ਅੰਦਰ ਬੋਹਲੀ ਦੇਣੀ ਚਾਹੀਦੀ ਹੈ ।

**ਸਫਲ ਵਪਾਰਕ ਬੱਕਰੀ ਪਾਲਣ ਲਈ ਸੁਝਾਅ** : ਕਿਸਾਨਾਂ ਨੂੰ ਇੱਕ ਛੋਟੇ ਪ੍ਰਬੰਧਨਯੋਗ ਝੁੰਡ ਦੇ ਆਕਾਰ ਨਾਲ ਸ਼ੁਰੂਆਤ ਕਰਨੀ ਚਾਹੀਦੀ ਹੈ ਅਤੇ ਹੌਲੀ-ਹੌਲੀ ਤਜ਼ਰਬਾ ਅਤੇ ਸਰੋਤ ਵੱਧਣ ਦੇ ਨਾਲ ਕੰਮ ਨੂੰ ਵਧਾਉਣਾ ਚਾਹੀਦਾ ਹੈ । ਪਸ਼ੂ ਪਾਲਣ ਨਾਲ ਸੰਬੰਧਤ ਯੂਨੀਵਰਸਿਟੀਆਂ, ਕ੍ਰਿਸ਼ੀ ਵਿਗਿਆਨ ਕੇਂਦਰਾਂ ਜਾਂ ਤਜ਼ਰਬੇਕਾਰ ਕਿਸਾਨਾਂ ਤੋਂ ਸਿਖਲਾਈ ਲੈਣੀ ਚਾਹੀਦੀ ਹੈ ਤਾਂ ਜੋ ਤਕਨੀਕੀ ਗਿਆਨ ਵਿੱਚ ਵਾਧਾ ਹੋਵੇ । ਫਾਰਮ ਤੇ ਜੈਵਿਕ ਸੁਰੱਖਿਆ ਦੇ ਉਪਾਅ ਕਰਨੇ ਚਾਹੀਦੇ ਹਨ, ਪਸ਼ੂਆਂ ਦੀ ਅੰਨ੍ਹੇਵਾਹ ਖਰੀਦ ਤੋਂ ਬਚਣਾ ਚਾਹੀਦਾ ਹੈ ਅਤੇ ਵਿਗਿਆਨਕ ਤਕਨੀਕਾਂ ਨੂੰ ਅਪਨਾਉਣਾ ਚਾਹੀਦਾ ਹੈ ਜਿਸ ਨਾਲ ਲੰਬੇ ਸਮੇਂ ਦੀ ਸਥਿਰਤਾ ਬਣੀ ਰਹੇ । ਫ਼ਸਲ ਉਤਪਾਦਨ, ਚਾਰੇ ਦੀ ਕਾਸ਼ਤ ਅਤੇ ਜੈਵਿਕ ਖੇਤੀ ਨਾਲ ਬੱਕਰੀ ਪਾਲਣ ਅਪਨਾਉਣ ਨਾਲ ਖੇਤੀ ਕੁਸ਼ਲਤਾ ਅਤੇ ਆਮਦਨ ਵਿੱਚ ਹੋਰ ਸੁਧਾਰ ਕੀਤਾ ਜਾ ਸਕਦਾ ਹੈ ।

**ਬੱਕਰੀਆਂ ਲਈ ਟੀਕਾਕਰਣ ਦੀ ਸਮਾਂ ਸਾਰਣੀ**

| ਬਿਮਾਰੀ | ਪਹਿਲੇ ਟੀਕੇ ਦਾ ਸਮਾਂ | ਮੁੜ-ਟੀਕਾਕਰਨ |
|---|---|---|
| ਪੀ. ਪੀ. ਆਰ. | 3 ਮਹੀਨੇ ਦੀ ਉਮਰ | ਸਾਲ ਬਾਅਦ |
| ਐਂਟੇਰੋਟੋਕਸੀਮੀਆਂ | 4 ਮਹੀਨੇ ਦੀ ਉਮਰ | 6 ਮਹੀਨੇ ਬਾਅਦ |
| ਮੂੰਹ ਖੁਰ | 3-4 ਮਹੀਨੇ ਦੀ ਉਮਰ | ਸਾਲ ਬਾਅਦ |
| ਬੱਕਰੀ ਪੋਕਸ | 3-5 ਮਹੀਨੇ ਦੀ ਉਮਰ | ਸਾਲ ਬਾਅਦ |

**ਕਿਸਾਨਾਂ ਉੱਪਰ ਚੜ੍ਹੇ ਕਰਜ਼ੇ ਬਾਰੇ ਵੱਖ-ਵੱਖ ਸਮੇਂ ਦੀਆਂ ਸਰਕਾਰਾਂ ਅਕਸਰ ਗੱਲਾਂ ਕਰਦੀਆਂ ਹਨ ਤੇ ਸੱਤਾ ਵਿੱਚ ਆਉਣ ਤੋਂ ਪਹਿਲਾਂ ਹਰ ਸਿਆਸੀ ਪਾਰਟੀ ਕਿਸਾਨਾਂ ਸਿਰੋਂ ਕਰਜ਼ਾ ਲਾਹੁਣ ਦੀ ਗੱਲ ਕਰਦੀ ਹੈ, ਪਰ ਕਿਸਾਨਾਂ ਨੂੰ ਕਰਜ਼ੇ ਤੋਂ ਪੂਰਨ ਰੂਪ ਵਿੱਚ ਮੁਕਤੀ ਕਿਵੇਂ ਦਿਵਾਈ ਜਾਵੇ, ਇਸ ਬਾਰੇ ਕੋਈ ਵੀ ਸਿਆਸੀ ਧਿਰ ਚਰਚਾ ਨਹੀਂ ਕਰਦੀ ਅਤੇ ਨਾ ਹੀ ਗੰਭੀਰਤਾ ਨਾਲ ਕੋਈ ਖਾਕਾ ਉਲੀਕਿਆ ਜਾਂਦਾ ਹੈ ।**




# ਕਿਸਾਨਾਂ ਸਿਰ ਕਰਜ਼ੇ ਦੀ ਭਾਰੀ ਪੰਡ

ਗੁਰਪ੍ਰੀਤ
ਮੋ. 95698-20314

ਅੰਨ ਪੈਦਾ ਕਰਨ ਵਾਲਾ ਕਿਸਾਨ ਦਿਨ ਪ੍ਰਤੀ ਦਿਨ ਕਰਜ਼ੇ ਹੇਠਾਂ ਦੱਬਿਆ ਜਾ ਰਿਹਾ ਹੈ । ਹਾਲਾਤ ਇਹ ਬਣ ਚੁੱਕੇ ਨੇ ਕਿ ਓਨੇ ਦੀ ਤਾਂ ਫ਼ਸਲ ਨਹੀਂ ਹੋ ਰਹੀ, ਜਿੰਨਾ ਕਿਸਾਨ ਸਿਰ ਕਰਜ਼ਾ ਚੜ੍ਹੀ ਜਾ ਰਿਹਾ ਹੈ । ਪੰਜਾਬ ਸਮੇਤ ਦੇਸ਼ ਦੇ ਆਮ ਲੋਕਾਂ ਉੱਪਰ ਵੀ ਕਰਜ਼ਾ ਦਿਨ ਪ੍ਰਤੀ ਦਿਨ ਵਧ ਰਿਹਾ ਹੈ । ਪੰਜਾਬ ਉੱਤੇ ਵਧ ਰਹੇ ਲਗਾਤਾਰ ਕਰਜ਼ੇ ਨੇ ਕਈ ਤਰ੍ਹਾਂ ਦੇ ਸਵਾਲਾਂ ਨੂੰ ਜਨਮ ਦਿੱਤਾ ਹੈ । ਇਹਨਾਂ ਸਵਾਲਾਂ ਦੇ ਵਿੱਚ ਹੀ ਇੱਕ ਸਵਾਲ ਇਹ ਵੀ ਹੈ ਕਿ ਆਖ਼ਰ ਇਹ ਕਰਜ਼ਾ ਚੜ੍ਹਿਆ ਕਿਉਂ ਸੀ ਅਤੇ ਲੱਥੇਗਾ ਕਿਵੇਂ ?

ਪੰਜਾਬ ਦੇ ਕਿਸਾਨਾਂ ਸਿਰ ਚੜ੍ਹੇ ਕਰਜ਼ੇ ਬਾਰੇ ਪਿਛਲੇ ਸਾਲ 16 ਦਸੰਬਰ 2025 ਨੂੰ ਰਾਜ ਸਭਾ ਵਿੱਚ ਪੁੱਛੇ ਗਏ ਇੱਕ ਸਵਾਲ ਦੇ ਜਵਾਬ ਵਿੱਚ ਕੇਂਦਰੀ ਰਾਜ ਮੰਤਰੀ ਪੰਕਜ ਚੌਧਰੀ ਵੱਲੋਂ ਦੱਸਿਆ ਗਿਆ ਸੀ ਕਿ ਪੰਜਾਬ ਦੇ ਕਿਸਾਨਾਂ ਉੱਪਰ 97 ਹਜ਼ਾਰ 471 ਕਰੋੜ ਦਾ ਕਰਜ਼ਾ ਹੈ । ਆਪਣੇ ਲਿਖਤੀ ਜਵਾਬ ਵਿੱਚ ਰਾਜ ਮੰਤਰੀ ਨੇ ਕਿਹਾ ਕਿ ਇਹ ਕਰਜ਼ਾ 25 ਲੱਖ 28 ਹਜ਼ਾਰ ਖਾਤਾਧਾਰਕਾਂ ਉੱਪਰ ਹੈ। ਇਹ ਕਰਜ਼ਾ ਵਪਾਰਕ ਬੈਂਕਾਂ, ਸਹਿਕਾਰੀ ਬੈਂਕਾਂ ਅਤੇ ਪੇਂਡੂ ਖੇਤਰਾਂ ਦੇ ਬੈਂਕਾਂ ਦਾ ਹੈ। ਇਸ ਤੋਂ ਸਪੱਸ਼ਟ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਪੰਜਾਬ ਦੇ ਕਰੀਬ ਸਵਾ 25 ਲੱਖ ਕਿਸਾਨ ਜਾਂ ਫਿਰ ਖੇਤੀ ਨਾਲ ਜੁੜੇ ਲੋਕ ਕਰਜ਼ੇ ਦੀ ਮਾਰ ਹੇਠਾਂ ਹਨ ।

ਕਿਸਾਨਾਂ ਉੱਪਰ ਚੜ੍ਹੇ ਕਰਜ਼ੇ ਬਾਰੇ ਵੱਖ-ਵੱਖ ਸਮੇਂ ਦੀਆਂ ਸਰਕਾਰਾਂ ਅਕਸਰ ਗੱਲਾਂ ਕਰਦੀਆਂ ਹਨ ਤੇ ਸੱਤਾ ਵਿੱਚ ਆਉਣ ਤੋਂ ਪਹਿਲਾਂ ਹਰ ਸਿਆਸੀ ਪਾਰਟੀ ਕਿਸਾਨਾਂ ਸਿਰੋਂ ਕਰਜ਼ਾ ਲਾਹੁਣ ਦੀ ਗੱਲ ਕਰਦੀ ਹੈ, ਪਰ ਕਿਸਾਨਾਂ ਨੂੰ ਕਰਜ਼ੇ ਤੋਂ ਪੂਰਨ ਰੂਪ ਵਿੱਚ ਮੁਕਤੀ ਕਿਵੇਂ ਦਿਵਾਈ ਜਾਵੇ, ਇਸ ਬਾਰੇ ਕੋਈ ਵੀ ਸਿਆਸੀ ਧਿਰ ਚਰਚਾ ਨਹੀਂ ਕਰਦੀ ਅਤੇ ਨਾ ਹੀ ਗੰਭੀਰਤਾ ਨਾਲ ਕੋਈ ਖਾਕਾ ਉਲੀਕਿਆ ਜਾਂਦਾ ਹੈ। ਸਿਰਫ਼ ਕਰਜ਼ੇ ਮੁਆਫ਼ ਕਰਨ ਦੇ ਨਾਲ ਕਿਸਾਨਾਂ ਸਿਰੋਂ ਕਰਜ਼ਾ ਨਹੀਂ ਲੱਥੇਗਾ, ਕਿਉਂਕਿ ਇਸ ਦੇ ਪਿੱਛੇ ਵੱਡਾ ਕਾਰਨ ਇਹ ਹੈ ਕਿ ਇੱਕ ਵਾਰ ਤਾਂ ਕਿਸਾਨ ਦੇ ਸਿਰੋਂ ਕਰਜ਼ਾ ਉੱਤਰ ਜਾਵੇਗਾ, ਪਰ ਅਗਲੀ ਵਾਰ ਜਦੋਂ ਉਸ ਨੂੰ ਪੈਸੇ ਧੇਲੇ ਦੀ ਜ਼ਰੂਰਤ ਪਵੇਗੀ ਤਾਂ ਉਹ ਕਿੱਥੇ ਜਾਵੇਗਾ ? ਕੀ ਸਰਕਾਰ ਉਸ ਦੀ ਮਦਦ ਕਰੇਗੀ ? ਨਹੀਂ, ਕਿਉਂਕਿ ਸਰਕਾਰ ਇੱਕ ਵਾਰ ਤਾਂ ਕਿਸਾਨ ਨੂੰ ਕਰਜ਼ੇ ਤੋਂ ਮੁਕਤੀ ਦਿਵਾ ਦੇਵੇਗੀ, ਪਰ ਉਮਰ ਭਰ ਲਈ ਕਿਸਾਨ ਕਰਜ਼ੇ ਤੋਂ ਮੁਕਤ ਨਹੀਂ ਹੋ ਸਕੇਗਾ ਕਿਉਂਕਿ ਪੰਜਾਬ ਦੀ ਧਰਤੀ 'ਤੇ ਪਾਣੀ ਇੰਨਾ ਗੰਧਲਾ ਹੋ ਚੁੱਕਿਆ ਹੈ ਕਿ ਹੁਣ ਇੱਥੇ ਵਧੀਆ ਤੇ ਭਰਵੀਂ ਫ਼ਸਲ ਪੈਦਾ ਨਹੀਂ ਹੋ ਰਹੀ ਹੈ ।

ਪੰਜਾਬ ਦੀ ਖੇਤੀ ਨੂੰ ਪਹਿਲਾਂ ਹੀ ਇੱਥੋਂ ਹਾਈਵੇਅ ਕੱਢ ਕੇ ਤੇ ਫਿਰ ਕਾਰਪੋਰੇਟ ਘਰਾਣਿਆਂ ਪੱਖੀ ਨੀਤੀਆਂ ਬਣਾ ਕੇ ਵੱਡੇ ਪੱਧਰ 'ਤੇ ਉਜਾੜਿਆ ਗਿਆ ਹੈ । ਇੱਕ ਵਾਰ ਤਾਂ ਕਿਸਾਨ ਆਪਣੀਆਂ ਜ਼ਮੀਨਾਂ ਵੇਚ ਕੇ ਅਮੀਰ ਹੋ ਗਿਆ, ਪਰ ਹੌਲੀ-ਹੌਲੀ ਮਿਲਿਆ ਪੈਸਾ ਖ਼ਤਮ ਹੋਣ ਲੱਗਿਆ ਅਤੇ ਕਿਸਾਨ ਜ਼ਿੰਦਗੀ ਜਿਊਣ ਦੇ ਲਈ ਇੱਧਰੋਂ ਉੱਧਰੋਂ ਕਰਜ਼ਾ ਫੜਨ ਲੱਗੇ । ਇਹ ਕਹਾਣੀ ਕੋਈ ਅੱਜ ਦੀ ਨਹੀਂ, ਪਿਛਲੇ ਕਰੀਬ ਤਿੰਨ-ਚਾਰ ਦਹਾਕਿਆਂ ਤੋਂ ਚੱਲਦੀ ਆ ਰਹੀ ਹੈ । ਪੰਜਾਬ ਨੂੰ ਵਿਕਾਸ ਦੇ ਨਾਮ 'ਤੇ ਜਿਸ ਤਰੀਕੇ ਨਾਲ ਉਸਾਰਿਆ ਗਿਆ, ਉਸ ਤੋਂ ਸਾਫ਼ ਤੇ ਸਪੱਸ਼ਟ ਹੁੰਦਾ ਹੈ ਕਿ ਪੰਜਾਬ ਨੂੰ ਕਰਜ਼ਾਈ ਅਤੇ ਪੰਜਾਬ ਦੇ ਕਿਸਾਨਾਂ ਨੂੰ ਮਿੱਟੀ ਵਿੱਚ ਮਿਲਾਉਣ ਦਾ ਕੰਮ ਕਾਰਪੋਰੇਟ ਘਰਾਣਿਆਂ ਤੇ ਸਮੇਂ ਦੀਆਂ ਸਰਕਾਰਾਂ ਵੱਲੋਂ ਹੀ ਕੀਤਾ ਗਿਆ ਹੈ ।

ਸਰਕਾਰਾਂ ਦੁਆਰਾ ਬਣਾਈਆਂ ਜਾਂਦੀਆਂ ਗਲਤ ਨੀਤੀਆਂ ਦੇ ਕਾਰਨ ਹੀ ਕਿਸਾਨ ਖੁਦਕੁਸ਼ੀਆਂ ਕਰਦੇ ਹਨ ਅਤੇ ਕਰਜ਼ੇ ਦੀ ਮਾਰ ਹੇਠ ਹਨ । ਜਾਣਕਾਰੀ ਦੇ ਮੁਤਾਬਿਕ, ਕਿਸਾਨਾਂ ਸਿਰ ਕਰਜ਼ੇ ਚੜ੍ਹਨ ਦਾ ਸਭ ਤੋਂ ਵੱਡਾ ਕਾਰਨ ਜਿਹੜਾ ਸਾਹਮਣੇ ਆਇਆ ਹੈ, ਉਹ ਹੈ ਕਿ ਮਹਿੰਗੀਆਂ ਖਾਦਾਂ, ਕੀਟਨਾਸ਼ਕ, ਨਦੀਨਨਾਸ਼ਕ ਅਤੇ ਫ਼ਸਲਾਂ ਦੀ ਘਟ ਰਹੀ ਪੈਦਾਵਾਰ । ਇਸ ਦੇ ਨਾਲ ਹੀ ਇੱਕ ਕਾਰਨ ਇਹ ਵੀ ਹੈ ਕਿ ਸਰਕਾਰਾਂ ਦੁਆਰਾ ਜਿਹੜੀਆਂ ਨੀਤੀਆਂ ਕਿਸਾਨਾਂ ਦੇ ਲਈ ਬਣਾਈਆਂ ਗਈਆਂ ਸਨ ਜਾਂ ਬਣਾਈਆਂ ਜਾ ਰਹੀਆਂ ਹਨ, ਉਨ੍ਹਾਂ ਦਾ ਕਿਸਾਨਾਂ ਨੂੰ ਫ਼ਾਇਦਾ ਮਿਲਿਆ ਹੀ ਨਹੀਂ । ਵੱਡੇ ਅਤੇ ਧਨਾਢ ਲੋਕਾਂ ਵੱਲੋਂ ਇਹਨਾਂ ਸਕੀਮਾਂ ਦਾ ਫ਼ਾਇਦਾ ਚੁੱਕ ਲਿਆ ਗਿਆ, ਜਦਕਿ ਬਹੁਤੇ ਲੋੜਵੰਦ ਕਿਸਾਨਾਂ ਨੂੰ ਕੁੱਝ ਵੀ ਪ੍ਰਾਪਤ ਨਹੀਂ ਹੋਇਆ ।

ਕਣਕ, ਝੋਨੇ ਅਤੇ ਫ਼ਲਾਂ ਸਬਜ਼ੀਆਂ 'ਤੇ ਜਦੋਂ ਕੁਦਰਤੀ ਮਾਰ ਪੈਂਦੀ ਹੈ ਤਾਂ ਉਸ ਵੇਲੇ ਹੀ ਕਿਸਾਨ ਕਰਜ਼ਾਈ ਹੋ ਜਾਂਦਾ ਹੈ । ਪਿਛਲੇ ਕੁੱਝ ਕੁ ਸਾਲਾਂ ਵਿੱਚ ਪੰਜਾਬ ਦੇ ਅੰਦਰ ਲਗਾਤਾਰ ਆ ਰਹੇ ਹੜ੍ਹਾਂ ਕਾਰਨ ਪੰਜਾਬ ਦੀ ਉਪਜਾਊ ਧਰਤੀ ਜਿੱਥੇ ਲਗਾਤਾਰ ਨਸ਼ਟ ਹੁੰਦੀ ਜਾ ਰਹੀ ਹੈ, ਉੱਥੇ ਹੀ ਦੂਜੇ ਪਾਸੇ ਇਸ ਕੁਦਰਤੀ ਕਰੋਪੀ ਕਾਰਨ ਕਿਸਾਨ ਦੀ ਆਰਥਿਕ ਹਾਲਤ ਵੀ ਦਿਨੋਂ-ਦਿਨ ਹੋਰ ਪਤਲੀ ਹੁੰਦੀ ਜਾ ਰਹੀ ਹੈ ।

ਕਿਸਾਨਾਂ ਦੀਆਂ ਸਾਰੀਆਂ ਫ਼ਸਲਾਂ ਨੂੰ ਐੱਮ ਐੱਸ ਪੀ 'ਤੇ ਖਰੀਦਿਆ ਜਾਣਾ ਲਾਜ਼ਮੀ ਹੋਣਾ ਚਾਹੀਦਾ ਹੈ ਤਾਂ ਹੀ ਕਿਸਾਨ ਦੇ ਪੱਲੇ ਕੁੱਝ ਪੈ ਸਕਦਾ ਹੈ । ਖੇਤ ਵਿੱਚ ਮਿਹਨਤ ਕਰਨ ਵਾਲੇ ਕਿਸਾਨ ਤੋਂ ਅੱਜ ਆਪਣੀ ਫ਼ਸਲ ਦਾ ਮੁਨਾਸਬ ਭਾਅ ਮੰਗਣ ਦਾ ਹੱਕ ਵੀ ਖੋਹ ਲਿਆ ਗਿਆ ਹੈ । ਸਰਕਾਰਾਂ ਦੀ ਸ਼ਹਿ 'ਤੇ ਮੰਡੀਆਂ 'ਤੇ ਰਾਜ ਕਰ ਰਹੇ ਕਾਰਪੋਰੇਟ ਅੱਜ ਆਪਣੀ ਮਰਜ਼ੀ ਨਾਲ ਫ਼ਸਲਾਂ ਦਾ ਮੁੱਲ ਲਾਉਂਦੇ ਹਨ ਤੇ ਮਗਰੋਂ ਮੰਗ ਵਧਣ 'ਤੇ ਉਹੀ ਫ਼ਸਲ ਤਿੱਗਣੀ ਕੀਮਤ 'ਤੇ ਵੇਚਦੇ ਹਨ । ਅਫ਼ਸੋਸ ਦੀ ਗੱਲ ਇਹ ਵੀ ਹੈ ਕਿ ਸਰਕਾਰ ਦੀਆਂ ਮਾੜੀਆਂ ਨੀਤੀਆਂ ਕਾਰਨ ਕਿਸਾਨਾਂ ਦੀ ਸ਼ਰੇਆਮ ਲੁੱਟ ਕਰਨ ਵਾਲੇ ਇਨ੍ਹਾਂ ਕਾਰਪੋਰੇਟਾਂ ਖ਼ਿਲਾਫ਼ ਕੋਈ ਕਾਰਵਾਈ ਨਹੀਂ ਹੁੰਦੀ ਤੇ ਕਿਸਾਨਾਂ ਨੂੰ ਲਾਗਤ ਮੁੱਲ ਨਾਲੋਂ ਵੀ ਘੱਟ ਭਾਅ 'ਤੇ ਆਪਣੀ ਫ਼ਸਲ ਵੇਚਣ ਲਈ ਮਜ਼ਬੂਰ ਹੋਣਾ ਪੈਂਦਾ ਹੈ ।

ਪਹਿਲਾਂ ਕਿਸਾਨ ਪੰਜਾਬ ਵਿੱਚ ਵੱਡੇ ਪੱਧਰ 'ਤੇ ਗੰਨਾ, ਕਪਾਹ ਅਤੇ ਹੋਰ ਫ਼ਸਲਾਂ ਬੀਜਦੇ ਹੁੰਦੇ ਸਨ, ਪਰ ਕਿਸਾਨਾਂ ਨੇ ਹੌਲੀ-ਹੌਲੀ ਇਹ ਫ਼ਸਲਾਂ ਬੀਜਣੀਆਂ ਬੰਦ ਕਰ ਦਿੱਤੀਆਂ ਕਿਉਂਕਿ ਕਿਸਾਨਾਂ ਨੂੰ ਇਹਨਾਂ ਦਾ ਪੂਰਾ ਭਾਅ ਹੀ ਨਹੀਂ ਮਿਲਿਆ । ਕੇਂਦਰ ਤੇ ਸੂਬਾ ਸਰਕਾਰਾਂ ਬਹੁਤ ਵਾਰ ਕਿਸਾਨਾਂ ਨੂੰ ਗਰੀਬੀ ਮੁਕਤ ਅਤੇ ਕਰਜ਼ਾ ਮੁਕਤ ਕਰਨ ਦਾ ਨਾਅਰਾ ਲੈ ਕੇ ਆਈਆਂ ਹਨ ਪਰ ਨਾ ਤਾਂ ਹੁਣ ਤੱਕ ਕਿਸਾਨਾਂ ਨੂੰ ਗਰੀਬੀ ਵਿੱਚੋਂ ਕੱਢਿਆ ਗਿਆ ਹੈ ਤੇ ਨਾ ਹੀ ਉਨ੍ਹਾਂ ਦੇ ਸਿਰ 'ਤੇ ਚੜ੍ਹੀ ਕਰਜ਼ੇ ਦੀ ਪੰਡ ਹੀ ਲੱਥ ਸਕੀ ਹੈ । ਕਿਸਾਨਾਂ ਦੀ ਆਮਦਨ ਤਾਂ ਕੀ ਵਧਣੀ ਸੀ ਸਗੋਂ ਉਨ੍ਹਾਂ ਸਿਰ ਚੜ੍ਹਿਆ ਕਰਜ਼ਾ ਦਿਨੋਂ-ਦਿਨ ਹੋਰ ਵਧਦਾ ਜਾ ਰਿਹਾ ਹੈ ।

ਮਹਿੰਗੀਆਂ ਖਾਦਾਂ ਤੇ ਲਗਾਤਾਰ ਵਧ ਰਹੀਆਂ ਖੇਤੀ ਲਾਗਤਾਂ ਨੇ ਕਿਸਾਨਾਂ ਨੂੰ ਇਸ ਤਰ੍ਹਾਂ ਦਬੋਚਿਆ ਹੈ ਕਿ ਮਜ਼ਬੂਰੀ ਵਿੱਚ ਕਿਸਾਨ ਕਈ ਵਾਰ ਖੁਦਕੁਸ਼ੀਆਂ ਦੇ ਰਾਹ ਪੈ ਜਾਂਦੇ ਹਨ । ਪਰ ਕਿਸਾਨਾਂ ਨੂੰ ਕਰਜ਼ੇ ਤੋਂ ਮੁਕਤੀ ਦਿਵਾਉਣ ਵਾਸਤੇ




ਕੋਈ ਵੀ ਸਰਕਾਰ ਕੋਈ ਗੰਭੀਰ ਕੋਸ਼ਿਸ਼ ਕਰਦੀ ਦਿਖਾਈ ਨਹੀਂ ਦਿੰਦੀ ।

ਭਾਰਤ ਦੇ ਬਹੁਗਿਣਤੀ ਕਿਸਾਨ ਅਜਿਹੇ ਹਨ ਜਿਹੜੇ ਦੂਜਿਆਂ ਲਈ ਤਾਂ ਅੰਨ ਪੈਦਾ ਕਰਦੇ ਹਨ ਪਰ ਉਨ੍ਹਾਂ ਨੂੰ ਖ਼ੁਦ ਖਾਣ ਨੂੰ ਅੰਨ ਨਹੀਂ ਮਿਲਦਾ । ਫ਼ਸਲਾਂ ਦੇ ਭਾਅ 'ਤੇ ਐੱਮ ਐੱਸ ਪੀ ਨਾ ਮਿਲਣਾ ਅਤੇ ਕਿਸਾਨਾਂ ਦੇ ਨਾਲ ਕੀਤੇ ਵਾਅਦਿਆਂ ਮੁਤਾਬਕ ਸਹੀ ਸਰਕਾਰੀ ਮੰਡੀਕਰਨ ਨਾ ਹੋਣ ਕਾਰਨ ਵੱਡੀ ਗਿਣਤੀ ਕਿਸਾਨ ਹੁਣ ਖੇਤੀ ਛੱਡਣ ਲਈ ਮਜ਼ਬੂਰ ਹੋ ਗਏ ਹਨ । ਪਿਛਲੇ ਲੰਮੇ ਸਮੇਂ ਤੋਂ ਇਹ ਵੇਖਣ ਵਿੱਚ ਆਇਆ ਹੈ ਕਿ ਸਹੀ ਮੁੱਲ ਨਾ ਮਿਲਣ ਕਰਕੇ ਮਜ਼ਬੂਰੀ ਵੱਸ ਕਿਸਾਨਾਂ ਨੂੰ ਆਲੂ, ਸ਼ਿਮਲਾ ਮਿਰਚਾਂ, ਮੱਕੀ ਤੇ ਕਪਾਹ ਵਰਗੀਆਂ ਫ਼ਸਲਾਂ ਖੇਤਾਂ ਵਿੱਚ ਹੀ ਵਾਹੁਣੀਆਂ ਪਈਆਂ ਹਨ । ਫ਼ਸਲ ਦਾ ਪੂਰਾ ਭਾਅ ਤਾਂ ਕੀ ਮਿਲਣਾ, ਸਗੋਂ ਫ਼ਸਲ ਨੂੰ ਮੰਡੀ ਤੱਕ ਲਿਜਾਣ ਲਈ ਵੀ ਕਿਸਾਨਾਂ ਨੂੰ ਪੱਲਿਓਂ ਪੈਸੇ ਲਾਉਣੇ ਪੈਂਦੇ ਹਨ ਤੇ ਮਿਹਨਤ ਨਾਲ ਬੀਜੀ ਫ਼ਸਲ ਕਿਸਾਨ ਨੂੰ ਆਪਣੇ ਹੱਥੀਂ ਖ਼ਤਮ ਕਰਨੀ ਪੈਂਦੀ ਹੈ ।

ਕਿਸਾਨ ਕੋਲੋਂ ਸਸਤੇ ਭਾਅ ਖ਼ਰੀਦੀ ਗਈ ਚੀਜ਼ ਨੂੰ ਜਦੋਂ ਵਪਾਰੀ ਲੈ ਕੇ ਬਾਜ਼ਾਰ ਜਾਂਦਾ ਹੈ ਤਾਂ ਉਹ ਉਸੇ ਚੀਜ਼ ਨੂੰ ਚੌਗੁਣੇ ਭਾਅ ਵਿੱਚ ਵੇਚਦਾ ਹੈ । ਇਸ ਤੋਂ ਸਾਫ਼ ਹੋ ਜਾਂਦਾ ਹੈ ਕਿ ਅੰਨ ਉਗਾਉਣ ਵਾਲਾ ਦਿਨ ਪ੍ਰਤੀ ਦਿਨ ਗਰੀਬ ਹੁੰਦਾ ਜਾ ਰਿਹਾ ਹੈ ਤੇ ਪਰ ਉਸ ਫ਼ਸਲ ਨੂੰ ਮਨਮੋਹਕ ਪੈਕਿੰਗ ਵਿੱਚ ਸਜਾ ਕੇ ਵੇਚਣ ਵਾਲੇ ਕਾਰਪੋਰੇਟ ਦਿਨੋਂ-ਦਿਨ ਹੋਰ ਮੁਨਾਫ਼ੇ ਕਮਾ ਰਹੇ ਹਨ । ਕੰਮ ਕਰਨ ਵਾਲੇ ਦਾ ਇੰਜ ਕਰਜ਼ੇ ਦੀ ਮਾਰ ਹੇਠ ਆਉਣਾ ਉਦੋਂ ਤੱਕ ਕਾਇਮ ਰਹੇਗਾ, ਜਦੋਂ ਤੱਕ ਸਰਕਾਰਾਂ ਕਿਸਾਨ ਪੱਖੀ ਨੀਤੀਆਂ ਬਣਾ ਕੇ ਉਨ੍ਹਾਂ ਨੂੰ ਜ਼ਮੀਨੀ ਪੱਧਰ 'ਤੇ ਲਾਗੂ ਨਹੀਂ ਕਰਦੀਆਂ ।

ਕਿਸਾਨਾਂ ਦੀਆਂ ਸਾਰੀਆਂ ਫ਼ਸਲਾਂ ਨੂੰ ਐੱਮ ਐੱਸ ਪੀ 'ਤੇ ਖਰੀਦਿਆ ਜਾਣਾ ਲਾਜ਼ਮੀ ਹੋਣਾ ਚਾਹੀਦਾ ਹੈ ਤਾਂ ਹੀ ਕਿਸਾਨ ਦੇ ਪੱਲੇ ਕੁੱਝ ਪੈ ਸਕਦਾ ਹੈ । ਖੇਤ ਵਿੱਚ ਮਿਹਨਤ ਕਰਨ ਵਾਲੇ ਕਿਸਾਨ ਤੋਂ ਅੱਜ ਆਪਣੀ ਫ਼ਸਲ ਦਾ ਮੁਨਾਸਬ ਭਾਅ ਮੰਗਣ ਦਾ ਹੱਕ ਵੀ ਖੋਹ ਲਿਆ ਗਿਆ ਹੈ । ਸਰਕਾਰਾਂ ਦੀ ਸ਼ਹਿ 'ਤੇ ਮੰਡੀਆਂ 'ਤੇ ਰਾਜ ਕਰ ਰਹੇ ਕਾਰਪੋਰੇਟ ਅੱਜ ਆਪਣੀ ਮਰਜ਼ੀ ਨਾਲ ਫ਼ਸਲਾਂ ਦਾ ਮੁੱਲ ਲਾਉਂਦੇ ਹਨ ਤੇ ਮਗਰੋਂ ਮੰਗ ਵਧਣ 'ਤੇ ਉਹੀ ਫ਼ਸਲ ਤਿੱਗਣੀ ਕੀਮਤ 'ਤੇ ਵੇਚਦੇ ਹਨ । ਅਫ਼ਸੋਸ ਦੀ ਗੱਲ ਇਹ ਵੀ ਹੈ ਕਿ ਸਰਕਾਰ ਦੀਆਂ ਮਾੜੀਆਂ ਨੀਤੀਆਂ ਕਾਰਨ ਕਿਸਾਨਾਂ ਦੀ ਸ਼ਰੇਆਮ ਲੁੱਟ ਕਰਨ ਵਾਲੇ ਇਨ੍ਹਾਂ ਕਾਰਪੋਰੇਟਾਂ ਖ਼ਿਲਾਫ਼ ਕੋਈ ਕਾਰਵਾਈ ਨਹੀਂ ਹੁੰਦੀ ਤੇ ਕਿਸਾਨਾਂ ਨੂੰ ਲਾਗਤ ਮੁੱਲ ਨਾਲੋਂ ਵੀ ਘੱਟ ਭਾਅ 'ਤੇ ਆਪਣੀ ਫ਼ਸਲ ਵੇਚਣ ਲਈ ਮਜ਼ਬੂਰ ਹੋਣਾ ਪੈਂਦਾ ਹੈ ।

ਕਿਸਾਨਾਂ ਦੁਆਰਾ ਉਗਾਈਆਂ ਜਾਂਦੀਆਂ ਫ਼ਸਲਾਂ ਜਦੋਂ ਤੱਕ ਸਹੀ ਭਾਅ 'ਤੇ ਨਹੀਂ ਵਿਕਣਗੀਆਂ ਉਦੋਂ ਤੱਕ ਕਿਸਾਨ ਕਰਜ਼ੇ ਦੀ ਮਾਰ ਹੇਠ ਆ ਕੇ ਖੁਦਕੁਸ਼ੀਆਂ ਦੇ ਰਾਹ ਪੈਂਦੇ ਰਹਿਣਗੇ । ਸਰਕਾਰਾਂ ਨੂੰ ਚਾਹੀਦਾ ਹੈ ਕਿ ਉਹ ਕਿਸਾਨਾਂ ਨੂੰ ਕਰਜ਼ੇ ਤੋਂ ਪੂਰਨ ਤੌਰ 'ਤੇ ਮੁਕਤ ਕਰਨ ਲਈ ਕੋਈ ਪ੍ਰਭਾਵਸ਼ਾਲੀ ਨੀਤੀ ਬਣਾਉਣ ਤਾਂ ਜੋ ਖੇਤੀ ਇੱਕ ਲਾਹੇਵੰਦ ਕਿੱਤਾ ਬਣ ਸਕੇ ।

# ਮਾਰਚ ਮਹੀਨੇ ਦੇ ਖੇਤੀ ਰੁਝੇਵੇਂ

**ਸੰਯੋਜਕ** : ਅਮਰਜੀਤ ਸਿੰਘ, **ਸੰਗ੍ਰਹਿ ਕਰਤਾ** : ਕਮਲਜੀਤ ਸਿੰਘ ਸੂਰੀ, ਜਸਪਾਲ ਸਿੰਘ, ਅਰਸ਼ ਆਲਮ ਸਿੰਘ ਗਿੱਲ, ਅਮਿਤ ਕੌਲ, ਜਸਵਿੰਦਰ ਸਿੰਘ ਬਰਾੜ, ਨਵਨੀਤ ਕੌਰ, ਸਿਮਰਤ ਸਿੰਘ, ਰੂਮਾ ਦੇਵੀ, ਤੇਜਵੀਰ ਸਿੰਘ ਅਤੇ ਸ਼ਿਵਾਨੀ ਸ਼ਰਮਾ

**ਕਣਕ** : ਸਮੇਂ ਸਿਰ ਬੀਜੀ ਕਣਕ ਨੂੰ ਅਖੀਰ ਮਾਰਚ ਦੇ ਆਸ-ਪਾਸ ਅਖੀਰਲਾ ਪਾਣੀ ਦੇ ਦਿਓ । ਪਛੇਤੀ ਬੀਜੀ ਕਣਕ ਨੂੰ 10 ਅਪ੍ਰੈਲ ਤੱਕ ਆਖਰੀ ਪਾਣੀ ਲਾਓ । ਹੁਣ ਤੱਕ ਪੱਤਿਆਂ ਦੀ ਕਾਂਗਿਆਰੀ ਤੋਂ ਪ੍ਰਭਾਵਿਤ ਚੰਗੀ ਤਰ੍ਹਾਂ ਦਿਖਾਈ ਦੇਣ ਲੱਗ ਪਏ ਹੋਣਗੇ । ਅਜਿਹੇ ਬੂਟਿਆਂ ਨੂੰ ਖੇਤ ਵਿੱਚੋਂ ਪੁੱਟ ਦਿਓ ਅਤੇ ਨਸ਼ਟ ਕਰ ਦਿਓ ਤਾਂ ਜੋ ਬਿਮਾਰੀ ਨੂੰ ਅਗਲੇ ਸਾਲ ਲਈ ਘਟਾਇਆ ਜਾ ਸਕੇ । ਬੀਜ ਵਾਸਤੇ ਰੱਖੀ ਫ਼ਸਲ ਵਿੱਚੋਂ ਕਾਂਗਿਆਰੀ ਦੇ ਸਿੱਟੇ ਕੱਢ ਦਿਓ । ਜਦੋਂ ਚੇਪੇ ਦਾ ਹਮਲਾ 5 ਚੇਪੇ



ਪ੍ਰਤੀ ਸਿੱਟਾ ਪਹੁੰਚ ਜਾਵੇ ਤਾਂ ਇਨ੍ਹਾਂ ਦੀ ਰੋਕਥਾਮ ਲਈ 2 ਲਿਟਰ ਘਰ ਬਣਾਏ ਨਿੰਮ ਦੇ ਘੋਲ ਦੇ ਹਫਤੇ-ਹਫਤੇ ਦੇ ਵਕਫੇ ਤੇ 2 ਛਿੜਕਾਅ ਜਾਂ 20 ਗ੍ਰਾਮ ਐਕਟਾਰਾ/ਤਾਇਓ 25 ਤਾਕਤ (ਥਾਇਆਮਿਥਾਕਸਮ) ਦਾ ਛਿੜਕਾਅ 80-100 ਲਿਟਰ ਪਾਣੀ ਵਿੱਚ ਘੋਲ ਕੇ ਕਰੋ । ਜੇਕਰ ਕਣਕ ਦੀਆਂ ਬੱਲੀਆਂ ਤੇ ਸੈਨਿਕ ਸੁੰਡੀ/ਛੋਲਿਆਂ ਦੇ ਡੱਡਿਆਂ ਦੀ ਸੁੰਡੀ ਦਾ ਨੁਕਸਾਨ ਨਜ਼ਰ ਆਵੇ ਤਾਂ ਇਨ੍ਹਾਂ ਕੀੜਿਆਂ ਦੀ ਰੋਕਥਾਮ ਲਈ 40 ਮਿਲੀਲਿਟਰ ਕੋਰਾਜਨ 18.5 ਤਾਕਤ ਜਾਂ 400 ਮਿਲੀਲਿਟਰ ਐਕਾਲਕਸ 25 ਤਾਕਤ ਨੂੰ 100 ਲਿਟਰ ਪਾਣੀ ਵਿੱਚ ਮਿਲਾ ਕੇ ਛਿੜਕਾਅ ਕਰੋ ।

ਕਣਕ ਨੂੰ ਦਾਣੇ ਭਰਨ ਸਮੇਂ ਵੱਧ ਤਾਪਮਾਨ ਤੋਂ ਬਚਾਉਣ ਲਈ ਅਤੇ ਵੱਧ ਝਾੜ ਲੈਣ ਲਈ 2% ਪੋਟਾਸ਼ੀਅਮ ਨਾਈਟ੍ਰੇਟ (13:0:45) (4 ਕਿਲੋਗ੍ਰਾਮ ਪੋਟਾਸ਼ੀਅਮ ਨਾਈਟ੍ਰੇਟ ਨੂੰ 200 ਲਿਟਰ ਪਾਣੀ ਵਿੱਚ) ਪਹਿਲਾਂ ਸਪਰੇਅ ਗੋਭ ਵਾਲਾ ਪੱਤਾ ਨਿਕਲਣ ਅਤੇ ਦੂਜਾ ਬੂਰ ਪੈਣ ਸਮੇਂ ਕਰੋ ਜਾਂ 15 ਗ੍ਰਾਮ ਸੈਲੀਸਿਲਕ ਐਸਿਡ ਨੂੰ 450 ਮਿਲਿ. ਈਥਾਈਲ ਅਲਕੋਹਲ ਵਿੱਚ ਘੋਲਣ ਉਪਰੰਤ 200 ਲਿਟਰ ਪਾਣੀ ਵਿੱਚ ਘੋਲ ਕੇ ਪਹਿਲਾ ਛਿੜਕਾਅ ਗੋਭ ਵਾਲਾ ਪੱਤਾ ਨਿਕਲਣ ਸਮੇਂ ਅਤੇ ਦੂਸਰਾ ਸਿੱਟੇ ਵਿੱਚ ਦੁੱਧ ਪੈਣ ਸਮੇਂ ਕਰੋ ।

**ਗਰਮੀ ਰੁੱਤ ਦੀਆਂ ਦਾਲਾਂ** : ਸੱਠੀ ਮੂੰਗੀ ਦੀ ਕਿਸਮ ਐਸ. ਐਮ. ਐਲ. 1827, ਐਸ. ਐਮ. ਐਲ-668, ਐਸ.



ਐਮ. ਐਲ-832 ਅਤੇ ਮਾਂਹ ਦੀ ਕਿਸਮ ਮਾਂਹ 1137, ਮਾਂਹ-1008 ਦੀ ਬਿਜਾਈ ਅੱਧ ਮਾਰਚ ਤੋਂ ਸ਼ੁਰੂ ਕਰ ਦਿਓ । ਸੱਠੀ ਮੂੰਗੀ ਐਸ. ਐਮ. ਐਲ. 668 ਲਈ 15 ਕਿਲੋ ਅਤੇ ਐਸ.ਐਮ.ਐਲ. 1827, ਐਸ.ਐਮ.ਐਲ. 832 ਲਈ 12 ਕਿਲੋ ਅਤੇ ਮਾਂਹ ਲਈ 20 ਕਿਲੋ ਬੀਜ ਪ੍ਰਤੀ ਏਕੜ ਦੇ ਹਿਸਾਬ ਨਾਲ ਵਰਤੋਂ । ਮੂੰਗੀ ਲਈ ਬਿਜਾਈ ਸਮੇਂ 11 ਕਿਲੋ ਯੂਰੀਆ ਅਤੇ 100 ਕਿਲੋ ਸਿੰਗਲ ਸੁਪਰ ਫਾਸਫੇਟ ਪ੍ਰਤੀ ਏਕੜ ਅਤੇ ਮਾਂਹ ਲਈ 11 ਕਿਲੋ ਯੂਰੀਆ ਅਤੇ 60 ਕਿਲੋ ਸੁਪਰਫ਼ਾਸਫੇਟ ਪ੍ਰਤੀ ਏਕੜ ਵਰਤੋਂ । ਜੇਕਰ ਮੂੰਗੀ ਆਲੂਆਂ ਤੋਂ ਬਾਅਦ ਬੀਜਣੀ ਹੋਵੇ ਤਾਂ ਕਿਸੇ ਵੀ ਖਾਦ ਦੀ ਲੋੜ ਨਹੀਂ । ਸੱਠੀ ਮੂੰਗੀ ਦੇ ਬੀਜ ਨੂੰ ਮਿਸ਼ਰਤ ਜੀਵਾਣੂੰ ਖਾਦ ਅਤੇ ਮਾਂਹ ਦੇ ਬੀਜ ਨੂੰ ਰਾਈਜ਼ੋਬੀਅਮ ਦਾ ਟੀਕਾ ਲਗਾ ਕੇ ਝਾੜ ਵੱਧਦਾ ਹੈ ।

**ਤੇਲ ਬੀਜ** : ਰਾਇਆ ਦੀਆਂ ਫਲੀਆਂ ਨੂੰ ਚਿੱਟੀ ਕੁੰਗੀ ਅਤੇ ਝੁਲਸ ਰੋਗ ਤੋਂ ਬਚਾਉਣ ਲਈ 0.25% ਰਿਡੋਮਿਲ ਗੋਲਡ (250 ਗ੍ਰਾਮ) ਨੂੰ 100 ਲਿਟਰ ਪਾਣੀ ਵਿੱਚ ਮਿਲਾ ਕੇ ਛਿੜਕੋ । ਰਾਇਆ ਅਤੇ ਗੋਭੀ ਸਰ੍ਹੋਂ ਤੇ ਚੇਪੇ ਦੀ ਰੋਕਥਾਮ ਲਈ 40 ਗ੍ਰਾਮ ਐਕਟਾਰਾ 25 ਤਾਕਤ ਜਾਂ 400 ਮਿਲੀਲਿਟਰ ਮੈਟਾਸਿਸਟਾਕਸ 25 ਤਾਕਤ ਜਾਂ 400 ਮਿਲੀਲਿਟਰ ਰੋਗਰ 30 ਤਾਕਤ ਜਾਂ 600 ਮਿਲੀਲਿਟਰ ਡਰਸਬਾਨ/ਕੋਰੋਬਾਨ 20 ਤਾਕਤ ਨੂੰ 80 ਤੋਂ 125 ਲਿਟਰ ਪਾਣੀ ਵਿੱਚ ਮਿਲਾ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਛਿੜਕਾਅ ਕਰੋ । ਫ਼ਸਲ ਤੇ ਛਿੜਕਾਅ ਸ਼ਾਮ ਨੂੰ ਕਰੋ ਤਾਂ ਜੋ ਪਰ-ਪਰਾਗਣ ਕਰਨ ਵਾਲੇ ਕੀੜੇ ਅਤੇ ਸ਼ਹਿਦ ਦੀਆਂ ਮੱਖੀਆਂ ਨਾ ਮਰਨ । ਸੂਰਜਮੁੱਖੀ ਦੀ ਫ਼ਸਲ ਨੂੰ ਦੋ ਹਫ਼ਤੇ ਦੇ ਵਕਫੇ ਤੇ ਪਾਣੀ ਦਿਓ ।

**ਕਮਾਦ** : ਗੰਨੇ ਦੀਆਂ ਸਿਫਾਰਿਸ਼ ਕੀਤੀਆਂ ਕਿਸਮਾਂ ਸੀ.ਓ.ਪੀ.ਬੀ. 95, ਸੀ.ਓ.ਪੀ.ਬੀ. 96, ਸੀ.ਓ. 15023, ਸੀ.ਓ.ਪੀ.ਬੀ. 92, ਸੀ.ਓ. 118, ਸੀ.ਓ.ਜੇ. 85, ਸੀ.ਓ.ਜੇ. 64 (ਅਗੇਤੀ ਪੱਕਣ ਵਾਲੀ), ਸੀ.ਓ.ਪੀ. 98, ਸੀ.ਓ.ਪੀ.ਬੀ. 93, ਸੀ.ਓ.ਪੀ.ਬੀ. 94, ਸੀ.ਓ. 238, ਸੀ.ਓ.ਪੀ.ਬੀ. 91 ਅਤੇ ਸੀ.ਓ.ਜੇ. 88 (ਦਰਮਿਆਨੀ ਪਿਛੇਤੀ) ਪੱਕਣ ਵਾਲੀਆਂ ਕਿਸਮਾਂ ਦੀ ਬਿਜਾਈ ਇਸ ਮਹੀਨੇ ਦੇ ਅਖੀਰ ਤੱਕ ਪੂਰੀ ਕਰ ਲਓ । ਗੰਨੇ ਦੀ ਬਿਜਾਈ ਲਈ ਜੋ ਬੀਜ ਚੁਣਿਆ ਹੈ ਉਹ ਰੱਤਾ ਰੋਗ, ਸੋਕਾ, ਕਾਂਗਿਆਰੀ, ਮੁੱਢੇ ਕਮਾਦ ਦੇ ਮਧਰੇਪਨ ਦਾ ਰੋਗ, ਘਾਹ ਵਰਗੀਆਂ ਸ਼ਾਖਾ ਦੇ ਰੋਗ ਤੋਂ ਮੁਕਤ ਹੋਣਾ ਚਾਹੀਦਾ ਹੈ । ਗੰਨੇ ਦੀ ਫ਼ਸਲ ਨੂੰ ਉੱਗਣ ਵੇਲੇ ਸਿਉਂਕ ਦੀ ਰੋਕਥਾਮ ਲਈ 200 ਮਿਲੀਲਿਟਰ ਕੋਰਾਜਨ 18.5 ਐਸ ਸੀ ਨੂੰ 400 ਲਿਟਰ ਪਾਣੀ ਵਿੱਚ ਘੋਲ ਕੇ ਫੁਆਰੇ ਨਾਲ ਸਿਆੜਾਂ ਵਿੱਚ ਪਈਆਂ



ਗੁੱਲੀਆਂ ਉੱਪਰ ਛਿੜਕੋ । ਕਮਾਦ ਦੇ ਚੰਗੇ ਜੰਮ ਲਈ ਬਰੋਟਿਆਂ ਨੂੰ ਈਥਲ ਦੇ ਘੋਲ ਵਿੱਚ ਪੂਰੀ ਰਾਤ ਡੋਬਣ ਉਪਰੰਤ ਬਿਜਾਈ ਕਰੋ । ਇਹ ਘੋਲ ਬਣਾਉਣ ਲਈ 25 ਮਿਲੀਲਿਟਰ ਈਥਰਲ 39 ਐਸ ਐਲ ਨੂੰ 100 ਲਿਟਰ ਪਾਣੀ ਵਿੱਚ ਘੋਲੋ ਜਾਂ ਗੁੱਲੀਆਂ ਨੂੰ ਬੀਜਣ ਤੋਂ ਪਹਿਲਾਂ 24 ਘੰਟੇ ਪਾਣੀ ਵਿੱਚ ਡੋਬ ਲਵੋ । ਗੰਨੇ ਦੀ ਫ਼ਸਲ ਨੂੰ ਉੱਗਣ ਵੇਲੇ ਅਗੇਤੀ ਫੋਟ ਦੇ ਗੜੂਏ ਦੇ ਹਮਲੇ ਤੋਂ ਬਚਾਉਣ ਲਈ ਖਾਲੀਆਂ ਵਿੱਚ ਪਈਆਂ ਪੋਰੀਆਂ ਉੱਪਰ 10 ਕਿਲੋ ਰੀਜੈਂਟ/ਮੋਰਟੈਲ/ਰਿਪਨ 0.3 ਜੀ (ਫਿਪਰੋਨਿਲ) ਮਿੱਟੀ ਵਿੱਚ ਮਿਲਾ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਵਰਤੋਂ । ਮੌਸਮੀ ਨਦੀਨਾਂ ਦੀ ਰੋਕਥਾਮ ਲਈ ਐਟਰਾਟਾਫ 50 ਡਬਲਯੂ ਪੀ (ਐਟਰਾਜ਼ੀਨ) ਜਾਂ ਸੈਨਕੋਰ 70 ਡਬਲਯੂ ਪੀ (ਮੈਟਰੀਬਿਊਜ਼ਿਨ) ਜਾਂ ਕਾਰਮੈਕਸ ਜਾਂ ਕਲਾਸ 80 ਘੁਲਣਸ਼ੀਲ (ਡਾਈਯੂਰਾਨ) 800 ਗ੍ਰਾਮ ਪ੍ਰਤੀ ਏਕੜ ਜਾਂ 1000 ਗ੍ਰਾਮ ਪ੍ਰਤੀ ਏਕੜ ਅਥਾਰਟੀ ਨੈਕਸਟ 58 ਡਬਲਯੂ ਪੀ (ਸਲਫੈਂਟਰਾਜ਼ਲ + ਕਲੋਮਾਜ਼ੋਨ) ਨੂੰ 200 ਲਿਟਰ ਪਾਣੀ ਵਿੱਚ ਘੋਲ ਕੇ ਕਮਾਦ ਦੀ ਫ਼ਸਲ ਬੀਜਣ ਤੋਂ 2-3 ਦਿਨਾਂ ਦੇ ਅੰਦਰ ਛਿੜਕੋ । ਡੀਲੇ ਦੀ ਰੋਕਥਾਮ ਲਈ ਖੜੀ ਫ਼ਸਲ ਵਿੱਚ 800 ਗ੍ਰਾਮ ਪ੍ਰਤੀ ਏਕੜ 2, 4 ਡੀ ਸੋਡੀਅਮ ਸਾਲਟ 80 ਡਬਲਯੂ ਪੀ ਨੂੰ 200 ਲਿਟਰ ਪਾਣੀ ਵਿੱਚ ਘੋਲ ਕੇ ਛਿੜਕਾਅ ਕਰੋ । ਸਖਤ ਨਦੀਨ ਜਿਵੇਂ ਬਾਂਸ ਪੱਤੇ ਦੀ ਰੋਕਥਾਮ ਲਈ ਖੜ੍ਹੀ ਫ਼ਸਲ ਵਿੱਚ 800 ਗ੍ਰਾਮ ਪ੍ਰਤੀ ਏਕੜ ਸੈਨਕੋਰ 70 ਡਬਲਯੂ ਪੀ ਜਾਂ ਕਾਰਮੈਕਸ ਜਾਂ ਕਲਾਸ 80 ਘੁਲਣਸ਼ੀਲ ਹੀ ਵਰਤੋਂ । ਲਪੇਟਾ ਵੇਲ ਅਤੇ ਹੋਰ ਚੌੜੇ ਪੱਤੇ ਵਾਲੇ ਨਦੀਨਾਂ ਦੀ ਰੋਕਥਾਮ ਲਈ ਇਨ੍ਹਾਂ ਦੀ 3-5 ਪੱਤਿਆਂ ਦੀ ਅਵਸਥਾ ਤੇ ਪ੍ਰਤੀ ਏਕੜ 800 ਗ੍ਰਾਮ 2, 4 ਡੀ ਸੋਡੀਅਮ ਸਾਲਟ 80 ਡਬਲਯੂ ਪੀ ਜਾਂ 400 ਮਿਲੀਲਿਟਰ 2, 4 ਅਮਾਈਨ ਸਾਲਟ 58 ਐਸ ਐਲ ਦਾ ਛਿੜਕਾਅ ਕਰੋ । ਕਮਾਦ ਦੀ ਬਿਜਾਈ ਤੋਂ 15 ਦਿਨ ਪਹਿਲਾਂ 8 ਟਨ ਰੂੜੀ ਜਾਂ ਪ੍ਰੈਸਮੱਡ ਪ੍ਰਤੀ ਏਕੜ ਖੇਤ ਵਿੱਚ ਚੰਗੀ ਤਰ੍ਹਾਂ ਮਿਲਾ ਦਿਓ ਅਤੇ ਨਾਈਟ੍ਰੋਜਨ ਦੀ ਮਾਤਰਾ 60 ਕਿਲੋ ਦੀ ਥਾਂ 40 ਕਿਲੋ ਪ੍ਰਤੀ ਏਕੜ ਪਾਓ । ਪ੍ਰੰਤੂ ਹਲਕੀਆਂ ਜ਼ਮੀਨਾਂ ਵਿੱਚ ਜੇ ਸਿਫ਼ਾਰਿਸ਼ ਖਾਦਾਂ ਦੇ ਨਾਲ ਰੂੜੀ ਪਾਈ ਹੋਵੇ ਤਾਂ ਕਮਾਦ ਦਾ 10% ਵੱਧ ਝਾੜ ਲਿਆ ਜਾ ਸਕਦਾ ਹੈ । ਰੇਤਲੀਆਂ ਜ਼ਮੀਨਾਂ ਵਿੱਚ ਨਾਈਟ੍ਰੋਜਨ ਖਾਦ ਪਹਿਲੇ ਪਾਣੀ ਤੋਂ ਬਾਅਦ ਪਾਓ । ਕਮਾਦ ਦੀ ਬਿਜਾਈ ਤੋਂ ਬਾਅਦ 65 ਕਿਲੋ ਯੂਰੀਆ ਪ੍ਰਤੀ ਏਕੜ ਕਮਾਦ ਜੰਮਣ ਤੋਂ ਬਾਅਦ ਪਹਿਲੇ ਪਾਣੀ ਨਾਲ ਪਾਓ । ਫਾਸਫੋਰਸ ਦੀ ਘਾਟ ਵਾਲੀਆਂ ਜ਼ਮੀਨਾਂ ਵਿੱਚ 75 ਕਿਲੋ ਸੁਪਰਫ਼ਾਸਫੇਟ ਬਿਜਾਈ ਵੇਲੇ ਪਾਓ । ਕਮਾਦ ਦਾ ਚੰਗਾ ਝਾੜ ਲੈਣ ਲਈ ਅਜ਼ੋਟੋ ਬੈਕਟਰ ਜਾਂ ਕੰਨਸੋਰਸੀਅਮ ਬਾਇਓਫਰਟੀਲਾਈਜ਼ਰ 4 ਕਿਲੋ ਪ੍ਰਤੀ ਏਕੜ ਦੇ ਹਿਸਾਬ ਨਾਲ ਬਿਜਾਈ ਸਮੇਂ ਪਾਓ । ਪੱਤਝੜ ਰੁੱਤ ਦੇ ਕਮਾਦ ਨੂੰ 65 ਕਿਲੋ ਯੂਰੀਆ ਮਾਰਚ ਦੇ ਅਖ਼ੀਰ ਵਿੱਚ ਪਾ ਦਿਓ । ਵਧੇਰੇ ਆਮਦਨ ਲੈਣ ਲਈ ਕਮਾਦ ਦੀਆਂ ਦੋ ਕਤਾਰਾਂ ਵਿੱਚ ਇੱਕ ਕਤਾਰ ਸੱਠੀ ਮੂੰਗੀ ਜਾਂ ਮਾਂਹ/ਪੁਦੀਨੇ ਦੀ ਬਿਜਾਈ ਕੀਤੀ ਜਾ ਸਕਦੀ ਹੈ । ਇਹ ਗੰਨੇ ਦੀ ਫ਼ਸਲ ਦਾ ਨੁਕਸਾਨ ਨਹੀਂ ਕਰਦੀ ।

**ਹਰੇ ਚਾਰੇ** : ਅਗੇਤੇ ਚਾਰੇ ਦੀ ਬਿਜਾਈ ਲਈ ਇਹ ਢੁੱਕਵਾਂ ਸਮਾਂ ਹੈ ।



ਇਨ੍ਹਾਂ ਚਾਰਿਆਂ ਵਿੱਚੋਂ ਮੱਕੀ, ਚਰੀ ਬਾਜਰਾ, ਗਿੰਨੀ ਘਾਹ ਅਤੇ ਨੇਪੀਅਰ ਬਾਜਰਾ ਆਉਂਦੇ ਹਨ ਜੋ ਕਿ ਹਰੇ ਚਾਰੇ ਦੀ ਕਮੀ ਵਾਲੇ ਸਮੇਂ ਚੰਗੀ ਕੁਆਲਟੀ ਦਾ ਹਰਾ ਚਾਰਾ ਦਿੰਦੇ ਹਨ । ਚਾਰੇ ਦੀ ਕਮੀ ਵਾਲੇ ਦਿਨਾਂ ਲਈ ਬਰਸੀਮ ਅਤੇ ਜਵੀ ਨੂੰ ਸੰਭਾਲ ਲਵੋ । ਬੀਜ ਲਈ ਰੱਖੇ ਬਰਸੀਮ ਦੇ ਖੇਤ ਵਿੱਚੋਂ ਕਾਸ਼ਨੀ ਨਦੀਨ ਪੁੱਟ ਦਿਓ । ਅਮਰੀਕਨ ਸੁੰਡੀ ਦੇ ਹਮਲੇ ਦਾ ਖਿਆਲ ਰੱਖੋ । ਲੋੜ ਪੈਣ ਤੇ ਇਸ ਸੁੰਡੀ ਦੀ ਰੋਕਥਾਮ ਨੇੜੇ ਬੀਜੇ ਟਮਾਟਰ, ਛੋਲੇ, ਪਿਛੇਤੀ ਕਣਕ, ਸੱਠੀ ਮੂੰਗੀ, ਸੱਠੇ ਮਾਂਹ ਅਤੇ ਸੂਰਜਮੁੱਖੀ ਦੀ ਫ਼ਸਲ ਤੇ ਕਰੋ ਤਾਂ ਜੋ ਇਹ ਬਰਸੀਮ ਉੱਪਰ ਹਮਲਾ ਨਾ ਕਰ ਸਕੇ ।

**ਸਬਜ਼ੀਆਂ ਦੀ ਕਾਸ਼ਤ**

**ਮਿਰਚਾਂ** : ਮਿਰਚਾਂ ਦੀ ਸੀ ਐਚ-52, ਸੀ ਐਚ-27 ਹਾਈਬ੍ਰਿਡ ਅਤੇ ਪੰਜਾਬ ਸੰਧੂਰੀ, ਪੰਜਾਬ ਤੇਜ ਕਿਸਮਾਂ ਬੀਜੋ । ਖੇਤ ਤਿਆਰ ਕਰਨ ਤੋਂ ਪਹਿਲਾਂ 40 ਕਿਲੋ ਯੂਰੀਆ, 75 ਕਿਲੋ ਸਿੰਗਲ ਸੁਪਰਫ਼ਾਸਫੇਟ ਅਤੇ 20 ਕਿਲੋ ਮਿਉਰੇਟ ਆਫ਼ ਪੋਟਾਸ਼ ਨੂੰ ਪ੍ਰਤੀ ਏਕੜ ਪਾਉ ਅਤੇ ਵੱਟਾਂ ਬਣਾ ਦਿਉ । ਪਨੀਰੀ ਵੱਟਾਂ ਉਪਰ 75 ਸੈਮੀ. ਅਤੇ ਬੂਟਿਆਂ ਵਿਚਕਾਰ 60 ਸੈਮੀ. ਦੇ ਫ਼ਾਸਲੇ ਤੇ ਲਗਾ ਦਿਉ ਅਤੇ ਤੁਰੰਤ ਪਾਣੀ ਦਿਓ । ਫਿਰ 10-12 ਦਿਨਾਂ ਬਾਅਦ ਪਾਣੀ ਮਿੱਟੀ ਅਤੇ ਮੌਸਮ ਅਨੁਸਾਰ ਦਿੰਦੇ ਰਹੋ ।

**ਪਿਆਜ਼** : ਸਾਉਣੀ ਦੇ ਪਿਆਜ਼ ਦੀਆਂ ਗੱਠੀਆਂ ਤਿਆਰ ਕਰਨ ਲਈ ਮਾਰਚ ਦੇ ਦੂਜੇ ਪੰਦਰਵਾੜੇ ਵਿੱਚ ਐਗਰੀ ਫਾਊਂਡ ਡਾਰਕ ਰੈੱਡ ਦੀ ਨਰਸਰੀ ਵਿੱਚ ਬਿਜਾਈ ਕਰ ਦਿਓ । ਇੱਕ ਏਕੜ ਲਈ ਪੰਜ ਕਿਲੋ ਬੀਜ ਵਰਤੋਂ । ਇਹ ਬੀਜ ਅੱਠ ਮਰਲੇ ਵਿੱਚ ਬੈੱਡ ਬਣਾ ਕੇ ਬੀਜੋ ।

ਹਾੜ੍ਹੀ ਦੇ ਪਿਆਜ਼ ਦੀ ਫ਼ਸਲ ਤੇ ਥਰਿੱਪ ਕੀੜਾ ਭੁਕਾਂ ਵਿੱਚੋਂ ਰਸ ਚੂਸ ਕੇ ਚਿੱਟੇ ਧੱਬੇ ਪਾ ਦਿੰਦਾ ਹੈ । ਜਾਮਣੀ ਧੱਬੇ ਅਤੇ ਪੀਲੇ ਧੱਬਿਆਂ ਦੀ ਰੋਕਥਾਮ ਲਈ 300 ਗ੍ਰਾਮ ਕੈਵੀਅਟ ਜਾਂ 600 ਗ੍ਰਾਮ ਇੰਡੋਫਿਲ ਐਮ-45 ਅਤੇ 200 ਮਿ.ਲਿ. ਟ੍ਰਾਈਟੋਨ ਜਾਂ ਅਲਸੀ ਦਾ ਤੇਲ 200 ਲਿਟਰ ਪਾਣੀ ਪ੍ਰਤੀ ਏਕੜ ਨਾਲ ਛਿੜਕਾਅ ਕਰੋ ।

**ਭਿੰਡੀ** : ਵਧੀਆ ਝਾੜ ਲੈਣ ਲਈ ਪੰਜਾਬ ਲਾਲਿਮਾ ਅਤੇ ਪੰਜਾਬ ਸੁਹਾਵਣੀ



ਕਿਸਮ ਬੀਜੋ । 40 ਕਿਲੋ ਯੂਰੀਆ ਪ੍ਰਤੀ ਏਕੜ ਦੇ ਹਿਸਾਬ ਖੇਤ ਤਿਆਰ ਕਰਨ ਵੇਲੇ ਪਾਓ । 8-10 ਕਿਲੋ ਪ੍ਰਤੀ ਏਕੜ ਦੇ ਹਿਸਾਬ ਨਾਲ ਰਾਤ-ਭਰ ਲਈ ਕੋਸੇ ਪਾਣੀ ਵਿੱਚ ਭਿਉਂ ਦਿਓ ਅਤੇ ਵੱਟਾਂ 45 ਸੈਂਟੀਮੀਟਰ ਦੇ ਫ਼ਾਸਲੇ ਤੇ ਪੂਰਬ ਤੋਂ ਪੱਛਮ ਦਿਸ਼ਾ ਵੱਲ ਬਣਾਓ ਅਤੇ ਬਿਜਾਈ

ਬਾਕੀ ਸਫਾ 10 'ਤੇ



# ਭਾਰਤ-ਅਮਰੀਕਾ ਵਪਾਰ ਸਮਝੌਤਾ ਅਤੇ ਕਿਸਾਨਾਂ ਦੇ ਹਿੱਤ

ਬਜਟ ਭਾਸ਼ਣ ਦੌਰਾਨ ਕਿਸਾਨਾਂ ਦਾ ਇੱਕ ਛੋਟਾ ਜਿਹਾ ਜ਼ਿਕਰ ਕਿਸਾਨਾਂ ਨਾਲ ਭਾਰਤ ਸਰਕਾਰ ਦੇ ਰਿਸ਼ਤੇ ਵਿੱਚ ਇੱਕ ਵੱਡੇ ਬਦਲਾਅ ਵੱਲ ਇਸ਼ਾਰਾ ਕਰਦਾ ਹੈ। ਭਾਰਤ-ਅਮਰੀਕਾ ਸਮਝੌਤੇ ਵਿੱਚ ਖੇਤੀਬਾੜੀ ਨੂੰ ਸ਼ਾਮਿਲ ਕਰਨ ਦਾ ਫ਼ੈਸਲਾ ਇਸ ਬਦਲਾਅ ਦੀ ਪੁਸ਼ਟੀ ਕਰਦਾ ਹੈ, ਇਹ ਬਦਲਾਅ ਕੋਈ ਰਾਤੋ-ਰਾਤ ਨਹੀਂ ਹੋਇਆ। ਭਾਰਤੀ ਕਿਸਾਨ ਲਈ ਇਹ ਪਰਿਵਾਰ ਦਾ ਪੇਟ ਭਰਨ ਵਾਲੇ ਤੋਂ ਲੈ ਕੇ ਇੱਕ ਦੂਰ ਦੇ ਰਿਸ਼ਤੇਦਾਰ ਬਣਨ ਤੱਕ ਦਾ ਇੱਕ ਲੰਮਾ ਸਫ਼ਰ ਰਿਹਾ ਹੈ। ਰਾਸ਼ਟਰੀ ਸਰੋਤਾਂ ਵਿੱਚ ਕਿਸਾਨਾਂ ਦੀ ਉਚਿਤ ਹਿੱਸੇਦਾਰੀ ਦੀ ਬਜਾਏ ਉਸ ਨੂੰ ਕੁੱਝ ਮੁਆਵਜ਼ਾ ਜਾਂ ਛੋਟ ਹੁਣ ਸਿਰਫ਼ ਇੱਕ ਦਾਨ ਬਣ ਗਈ ਹੈ। ਇਹ ਹੁਣ ਇੱਕ ਪਾਲਣਹਾਰੇ ਤੋਂ ਤਾਬਿਆਦਾਰ ਬਣ ਗਿਆ ਹੈ। ਸਰਕਾਰ ਉਸ ਨੂੰ ਗੁਜ਼ਾਰੇ ਦੇ ਲਈ ਆਪਣੀ ਮਰਜ਼ੀ ਨਾਲ ਮਦਦ ਦਿੰਦੀ ਹੈ ਅਤੇ ਬਦਲੇ ਵਿੱਚ ਕਿਸਾਨ ਆਪਣੀ ਵਫ਼ਾਦਾਰੀ, ਚੁੱਪ ਤੇ ਵੋਟ ਦਿੰਦਾ ਹੈ



ਯੋਗੇਂਦਰ ਯਾਦਵ
ਮੋਬਾਇਲ 98688-88986

। ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੇ ਇਸ ਸਾਲ ਆਪਣੇ ਬਜਟ ਭਾਸ਼ਣ ਵਿੱਚ ਕਿਸਾਨਾਂ ਲਈ ਸ਼ਾਨਦਾਰ ਪਰ ਸੰਕੇਤਕ ਯੋਜਨਾਵਾਂ ਦਾ ਐਲਾਨ ਕਰਨ ਦੀ ਰਕਮ ਵੀ ਖ਼ਤਮ ਕਰ ਦਿੱਤੀ ਹੈ। ਉਨ੍ਹਾਂ ਆਪਣੇ ਬਜਟ ਭਾਸ਼ਣ ਵਿੱਚ ਕਿਸਾਨਾਂ, ਉੱਤਰ-ਪੂਰਬ ਦੇ ਲੋਕਾਂ ਅਤੇ ਸਰੀਰਕ ਤੇ ਮਾਨਸਿਕ ਰੂਪ ਵਿੱਚ ਅਪਾਹਜਤਾ ਵਾਲੇ ਲੋਕਾਂ ਨੂੰ ਇੱਕ ਸਾਥ ਰੱਖਿਆ ਹੈ। ਮੈਥੋਂ ਵਿੱਤ ਮੰਤਰੀ ਦੇ ਆਰਥਿਕ ਤਰਕ ਬਾਰੇ ਪੁੱਛਣ ਦੀ ਬਜਾਏ ਉਨ੍ਹਾਂ ਦੇ ਲਹਿਜ਼ੇ ਵਿੱਚ ਆਏ ਬਦਲਾਅ ਵੱਲ ਧਿਆਨ ਦਿਓ। ਕਿਸਾਨ 'ਅੰਨਦਾਤਾ' ਤੋਂ ਹੁਣ 'ਬੇਚਾਰਾ' ਹੋ ਗਿਆ ਹੈ।

ਬਜਟ ਵਿੱਚ ਹੋਈ ਵੰਡ ਇਸੇ ਗੱਲ ਨੂੰ ਦਰਸਾਉਂਦੀ ਹੈ। ਕੇਂਦਰ ਦੇ ਕੁੱਲ ਖ਼ਰਚ ਦੇ ਫ਼ੀਸਦੀ ਵਜੋਂ 'ਖੇਤੀਬਾੜੀ ਤੇ ਉਸ ਨਾਲ ਜੁੜੀਆਂ ਸਰਗਰਮੀਆਂ' 'ਤੇ ਅਸਲ ਖ਼ਰਚ ਦਾ ਹਿੱਸਾ 2019-20 ਵਿੱਚ 4.19 ਫ਼ੀਸਦੀ ਤੋਂ ਲਗਾਤਾਰ ਘੱਟ ਕੇ ਹੁਣ 2025-26 ਵਿੱਚ 3.06 ਫ਼ੀਸਦੀ ਹੋ ਗਿਆ ਹੈ। ਜੇਕਰ ਤੁਸੀਂ ਬਜਟ ਵਿੱਚੋਂ 'ਕਿਸਾਨ ਸਨਮਾਨ ਨਿਧੀ' ਦੀ ਰਕਮ ਨੂੰ ਕੱਢ ਦਿਓ ਤਾਂ ਖੇਤੀਬਾੜੀ ਨਾਲ ਸੰਬੰਧਿਤ ਹੋਰ ਸਭ ਮੱਦਾਂ 'ਤੇ ਬਜਟ ਖ਼ਰਚ 2018-19 ਵਿੱਚ 2.73 ਫ਼ੀਸਦੀ ਤੋਂ ਘੱਟ ਕੇ ਇਸ ਸਾਲ 1.85 ਫ਼ੀਸਦੀ ਰਹਿ ਗਿਆ ਹੈ। ਖੇਤੀਬਾੜੀ ਵਿਗਿਆਨੀ ਰਮੰਜਾਨੇਯੂਲੂ ਨੇ ਦੱਸਿਆ ਹੈ ਕਿ ਬਜਟ 'ਅਜੀਬ ਤਰ੍ਹਾਂ ਨਾਲ ਵੱਖਰਾ' ਸੀ, ਜਿਸ ਨੂੰ ਸਰਕਾਰ ਭਾਰਤੀ ਖੇਤੀਬਾੜੀ ਲਈ ਲੰਬੇ ਸਮੇਂ ਦੀਆਂ ਚੁਣੌਤੀਆਂ- ਘੱਟ ਆਮਦਨ, ਜ਼ਿਆਦਾ ਕਰਜ਼ ਤੇ ਮਾੜੀ ਸਿੰਚਾਈ, ਭੂਮੀਗਤ ਪਾਣੀ ਦਾ ਘਟਣਾ ਤੇ ਜਲਵਾਯੂ ਪਰਿਵਰਤਨ ਆਦਿ ਮੰਨਦੀ ਹੈ। ਨਵੇਂ ਭਾਰਤ ਵਿੱਚ ਕਿਸਾਨ ਵਿਕਾਸ ਵਿੱਚ ਭਾਈਵਾਲ ਨਹੀਂ, ਸਗੋਂ ਭੋਜਨ ਸੁਰੱਖਿਆ ਤੇ ਮਹਿੰਗਾਈ ਦੇ ਪ੍ਰਬੰਧਨ ਵਿੱਚ ਸਿਰਫ਼ ਝਟਕਾ ਸੋਖਣ ਵਾਲੇ ਹਨ, ਨਹੀਂ ਤਾਂ ਉਹ ਇੱਕ ਬੋਝ ਹਨ।

ਭਾਰਤ-ਅਮਰੀਕਾ ਵਪਾਰ ਸਮਝੌਤੇ ਵਿੱਚ ਕਿਸਾਨਾਂ ਦੇ ਹਿੱਤਾਂ ਨੂੰ ਨਜ਼ਰਅੰਦਾਜ਼ ਕਰਨ ਦਾ ਫ਼ੈਸਲਾ ਚੀਜ਼ਾਂ ਦੀ ਨਵੀਂ ਯੋਜਨਾ ਵਿੱਚ ਕਿਸਾਨਾਂ ਦੇ ਸਥਾਨ ਦੀ ਇੱਕ ਹੋਰ ਪੁਸ਼ਟੀ ਹੈ। ਵਾਈਨ ਤੇ ਪ੍ਰੋਸੈਸਡ ਭੋਜਨ 'ਤੇ ਅਮਰੀਕਾ ਨਾਲ ਸੌਦੇ ਵਿੱਚ ਭੋਜਨ ਤੇ ਖੇਤੀ ਉਤਪਾਦਾਂ ਨੂੰ ਅੰਤਰਰਾਸ਼ਟਰੀ ਵਪਾਰ ਸੰਧੀਆਂ ਤੋਂ ਬਾਹਰ ਰੱਖਣ ਦੀ ਸਥਾਪਿਤ ਨੀਤੀ ਤੋਂ ਪਰ ਇਸ ਬੁਨਿਆਦੀ ਬਦਲਾਅ ਹੋਇਆ ਹੈ। ਅਮਰੀਕਾ ਨੂੰ ਸਾਡੇ ਮੰਤਰੀਆਂ ਦੁਆਰਾ ਦੱਸੀ ਗਈ ਖੇਤੀਬਾੜੀ ਉਤਪਾਦਾਂ ਦੀ ਲੰਮੀ ਸੂਚੀ ਵਿੱਚ ਅਮਰੀਕਾ ਨੂੰ ਕੋਈ ਦਿਲਚਸਪੀ ਨਹੀਂ ਸੀ, ਜੋ ਇਸ ਸੌਦੇ ਵਿੱਚ ਸ਼ਾਮਿਲ ਨਹੀਂ ਹਨ। ਅਮਰੀਕਾ ਨੇ ਭਾਰਤ ਸਰਕਾਰ ਨੂੰ ਉਹ ਮੰਨਣ ਲਈ ਮਜ਼ਬੂਰ ਕਰ ਦਿੱਤਾ, ਜੋ ਉਹ ਚਾਹੁੰਦਾ ਸੀ। ਭਾਰਤ ਤੇਜ਼ੀ ਨਾਲ ਵੱਧ ਰਹੇ ਪਸ਼ੂ ਫੀਡ ਬਾਜ਼ਾਰ ਦਾ ਇੱਕ ਵੱਡਾ ਹਿੱਸਾ ਹੈ, ਜੋ ਅਮਰੀਕਾ ਤੋਂ ਚੀਨ ਦੇ ਮੱਕੀ ਤੇ ਸੋਇਆਬੀਨ ਦੇ ਘਟੇ ਹੋਏ ਆਯਾਤ ਦੀ ਜਗ੍ਹਾ ਲੈ ਸਕਦਾ ਹੈ। ਅਮਰੀਕਾ ਤੋਂ ਮੱਕੀ ਜੋ ਜ਼ਿਆਦਾਤਰ ਜੈਨੇਟਿਕਲੀ ਮੋਡੀਫਾਈਡ (ਜੀ. ਐਮ.) ਹੈ, ਸੁੱਕੇ ਡਿਸਟਿਲਰੀ ਅਨਾਜ ਅਤੇ ਘੁਲਣਸ਼ੀਲ (ਡੀ. ਡੀ. ਜੀ. ਐਸ.) ਦੇ ਰੂਪ ਵਿੱਚ ਆਪਣਾ ਰਸਤਾ ਲੱਭੇਗੀ ਅਤੇ ਜੈਨੇਟਿਕ ਤੌਰ 'ਤੇ ਸੋਧੀ ਹੋਈ ਸੋਇਆਬੀਨ ਨੂੰ ਸੋਇਆ ਤੇਲ ਦੇ ਰੂਪ ਵਿੱਚ ਆਗਿਆ ਦਿੱਤੀ ਜਾਵੇਗੀ। ਕੁੱਝ ਦਾਲਾਂ ਵੀ ਇਸ ਸੌਦੇ ਦਾ ਹਿੱਸਾ ਹਨ ਅਤੇ ਅੱਗੇ ਹੋਰ ਵੀ ਬਹੁਤ ਕੁੱਝ ਹੋ ਸਕਦਾ ਹੈ। ਹਰੀਸ਼ ਦਮੋਦਰਨ ਤੇ ਪੋਰਟਲ ਰੂਰਲ ਵਾਇਸ ਦੇ ਹਰਵੀਰ ਸਿੰਘ ਜਿਹੇ ਭਾਰਤੀ ਖੇਤੀਬਾੜੀ ਦੇ ਨਿਰੀਖਕਾਂ ਅਨੁਸਾਰ ਇਹ ਸੌਦਾ ਦੇਸ਼ ਭਰ ਦੇ ਮੱਕਾ (ਮੱਕੀ) ਤੇ ਸੋਇਆਬੀਨ ਕਿਸਾਨਾਂ ਦਾ ਵੱਡਾ ਨੁਕਸਾਨ ਕਰੇਗਾ, ਜੋ ਪਹਿਲਾਂ ਹੀ ਆਪਣੀਆਂ ਫ਼ਸਲਾਂ ਨੂੰ ਅਧਿਕਾਰਤ ਐਮ. ਐੱਸ. ਪੀ. ਤੋਂ ਹੇਠਾਂ ਵੇਚ ਰਹੇ ਹਨ। ਇਸ ਸੌਦੇ ਦੇ ਪ੍ਰਭਾਵ ਸਾਡੇ ਬਿਆਨ ਵਿੱਚ ਦਿੱਸਣ ਤੋਂ ਕਿੱਤੇ ਵੱਧ ਹਨ, ਕਿਉਂਕਿ ਅੰਤਿਮ ਸਮਝੌਤੇ ਵਿੱਚ 'ਡੂੰਘੀ ਪਹੁੰਚ' ਪ੍ਰਦਾਨ ਕਰਨ ਦੀ ਵਿਵਸਥਾ ਅਤੇ ਭਾਰਤ ਦੁਆਰਾ 'ਅਮਰੀਕੀ ਭੋਜਨ ਤੇ ਖੇਤੀਬਾੜੀ ਉਤਪਾਦਾਂ ਦੇ ਵਪਾਰ ਵਿੱਚ ਗੈਰ-ਟੈਰਿਫ਼ ਰੁਕਾਵਟਾਂ ਨੂੰ ਦੂਰ ਕਰਨ' ਦੀ ਵਚਨਬੱਧਤਾ ਸ਼ਾਮਿਲ ਹੈ। ਅਲਾਇਸ ਫਾਰ ਸਸਟੇਨੇਬਲ ਐਂਡ ਹੋਲਿਸਟਿਕ ਐਗਰੀਕਲਚਰ (ਆਸ਼ਾ-ਸਵਰਾਜ) ਨੇ ਇਸ ਸੌਦੇ 'ਤੇ ਡੂੰਘੀ ਚਿੰਤਾ ਪ੍ਰਗਟਾਈ ਹੈ, ਕਿਉਂਕਿ ਇਹ ਜੀ. ਐਮ. ਫ਼ਸਲਾਂ ਤੇ ਖ਼ੁਰਾਕ ਉਤਪਾਦਾਂ ਦੇ ਬਹੁਤ ਵੱਡੇ ਸਪੈਕਟ੍ਰਮ ਦੇ ਆਯਾਤ ਲਈ ਦਰਵਾਜ਼ੇ ਖੋਲ੍ਹ ਰਿਹਾ ਹੈ।

ਕਿਸਾਨਾਂ ਤੋਂ ਮੂੰਹ ਮੋੜਨ ਲਈ ਸਿਰਫ਼ ਮੌਜੂਦਾ ਸ਼ਾਸਨ ਜਾਂ ਭਾਜਪਾ ਨੂੰ ਦੋਸ਼ੀ ਠਹਿਰਾਉਣਾ ਬੇਇਨਸਾਫ਼ੀ ਹੋਵੇਗੀ, ਕਿਉਂਕਿ ਇਹ ਸਭ ਕੁੱਝ ਕੋਈ ਨਵੀਂ ਸਕੀਮ ਨਹੀਂ ਹੈ। ਆਜ਼ਾਦੀ ਤੋਂ ਬਾਅਦ ਦੇ ਭਾਰਤੀ ਸ਼ਾਸਨ ਵਿੱਚ ਕਦੇ ਵੀ ਕਿਸਾਨਾਂ ਲਈ ਕੋਈ ਦੂਰਦਰਸ਼ੀ ਦ੍ਰਿਸ਼ਟੀਕੋਣ ਨਹੀਂ ਅਪਣਾਇਆ ਗਿਆ। ਪਹਿਲੀ ਪੰਜ ਸਾਲਾਂ ਯੋਜਨਾ ਜਾਂ ਚੌਧਰੀ ਚਰਨ ਸਿੰਘ ਵਰਗੀ ਇਕੱਲੀ ਆਵਾਜ਼ ਨੂੰ ਛੱਡ ਕੇ ਭਾਰਤ ਦੀ ਵਿਕਾਸ ਯੋਜਨਾਬੰਦੀ ਵਿੱਚ ਕਿਸਾਨ ਵੱਲ ਕਦੇ ਵੀ ਬਹੁਤਾ ਧਿਆਨ ਨਹੀਂ ਦਿੱਤਾ ਗਿਆ। ਭਾਰਤ ਦੇ ਨੀਤੀ ਨਿਰਮਾਤਾਵਾਂ ਦੀ ਸੋਚ ਸੀ ਕਿ ਜਦੋਂ ਦੇਸ਼ ਵਿਕਸਿਤ ਅਰਥਵਿਵਸਥਾਵਾਂ ਦੇ ਇਤਿਹਾਸ ਨੂੰ ਦੁਹਰਾਏਗਾ ਤਾਂ ਜ਼ਿਆਦਾਤਰ ਆਜ਼ਾਦੀ ਆਪੇ ਖੇਤੀਬਾੜੀ ਤੋਂ ਦੂਰ ਹੋ ਜਾਵੇਗੀ। ਇਸ ਦ੍ਰਿਸ਼ਟੀਕੋਣ ਤਹਿਤ ਕਿਸਾਨ ਸਿਰਫ਼ ਅਤੀਤ ਦਾ ਬਚਿਆ ਹੋਇਆ ਇੱਕ ਹਿੱਸਾ ਹਨ ਅਤੇ ਇਸੇ ਸੋਚ ਤਹਿਤ ਭਾਰਤ ਸਰਕਾਰ ਨੇ ਅਣਲਿਖਤ ਇਕਰਾਰਨਾਮੇ ਨੂੰ



ਆਕਾਰ ਦਿੱਤਾ ਹੈ, ਇਹ ਇੱਕ ਜ਼ਬਰਦਸਤੀ ਵਾਲਾ ਇਕਰਾਰਨਾਮਾ ਹੈ, ਜੋ ਕਿਸਾਨਾਂ ਦੇ ਕੋਲ ਰੋਜ਼ੀ-ਰੋਟੀ ਦੇ ਦੂਸਰੇ ਤਰੀਕਿਆਂ 'ਤੇ ਸੌਦੇਬਾਜ਼ੀ ਕਰਨ ਦੀ ਸ਼ਕਤੀ 'ਤੇ ਅਧਾਰਿਤ ਹੈ। ਸਰਕਾਰ ਦਾ ਧਿਆਨ ਖੇਤੀਬਾੜੀ ਉਤਪਾਦਨ ਦੀ ਮਾਤਰਾ 'ਤੇ ਕੇਂਦ੍ਰਿਤ ਸੀ, ਉਤਪਾਦਕ ਦੀ ਭਲਾਈ ਵੱਲ ਨਹੀਂ। ਮੁੱਖ ਭੋਜਨ ਉਤਪਾਦਾਂ ਦੀ ਕੀਮਤ ਖਪਤਕਾਰਾਂ ਦੀ ਸਸਤੇ ਅਨਾਜ ਦੀ ਜ਼ਰੂਰਤ ਦੁਆਰਾ ਨਿਰਧਾਰਤ ਕੀਤੀ ਜਾਂਦੀ ਹੈ, ਕਿਸਾਨਾਂ ਨੂੰ ਵਾਜਬ ਕੀਮਤਾਂ ਦੀ ਜ਼ਰੂਰਤ ਤੋਂ ਨਹੀਂ। ਇਕ ਤਰ੍ਹਾਂ ਨਾਲ ਖੇਤੀ ਉਤਪਾਦਕਾਂ ਨੂੰ ਖਪਤਕਾਰਾਂ ਨੂੰ ਸਬਸਿਡੀ ਦੇਣ ਲਈ ਮਜ਼ਬੂਰ ਕੀਤਾ ਗਿਆ ਹੈ। ਕਿਸਾਨਾਂ ਨੂੰ ਸ਼ੁਰੂ ਵਿੱਚ ਰਾਸ਼ਟਰ ਦੀ ਖ਼ਾਤਰ ਹੋਰ ਉਤਪਾਦਨ ਕਰਨ ਲਈ ਉਤਸ਼ਾਹਿਤ ਕੀਤਾ ਗਿਆ ਅਤੇ ਹਰੀ ਕ੍ਰਾਂਤੀ ਤੋਂ ਬਾਅਦ ਇੱਕ ਚੋਣਵੀਂ ਸੌਦੇਬਾਜ਼ੀ ਤਹਿਤ ਤੁਸੀਂ ਪੈਦਾਵਾਰ ਵਧਾਓ, ਅਸੀਂ ਲਾਹੇਵੰਦ ਕੀਮਤਾਂ ਯਕੀਨੀ ਬਣਾਵਾਂਗੇ ਦਾ ਨਾਅਰਾ ਦਿੱਤਾ ਗਿਆ ਸੀ। ਜਦੋਂ ਕਿਸਾਨਾਂ ਨੇ 1980 ਦੇ ਦਹਾਕੇ ਵਿੱਚ ਗੈਰ-ਲਾਹੇਵੰਦ ਕੀਮਤਾਂ ਦੇ 1980 ਦੇ ਦਹਾਕੇ ਵਿੱਚ ਗੈਰ-ਲਾਹੇਵੰਦ ਕੀਮਤਾਂ ਦੇ ਵਿਰੁੱਧ ਵਿਰੋਧ ਸ਼ੁਰੂ ਕੀਤਾ ਤਾਂ ਤੁਸੀਂ ਹੋਰ ਉਗਾਓ, ਅਸੀਂ ਸਬਸਿਡੀਆਂ ਦੇਵਾਂਗੇ ਹੋ ਗਿਆ। ਕਿਸਾਨ ਨੂੰ ਵਾਜਬ ਕੀਮਤਾਂ ਦੇਣ ਦੀ ਬਜਾਏ ਸਸਤੀ ਬਿਜਲੀ, ਮੁਫ਼ਤ ਸਿੰਚਾਈ ਤੇ ਸਬਸਿਡੀ ਵਾਲੀਆਂ ਖਾਦਾਂ ਦੀ ਪੇਸ਼ਕਸ਼ ਨਾਲ ਉਸ ਨੂੰ ਹਮੇਸ਼ਾਂ ਲਈ ਦੂਜਿਆਂ 'ਤੇ ਨਿਰਭਰ ਬਣਾ ਦਿੱਤਾ ਗਿਆ। ਇੰਝ ਵਾਤਾਵਰਨ ਪ੍ਰਦੂਸ਼ਣ, ਬਿਜਲੀ ਚੋਰੀ ਤੇ ਮੁਫ਼ਤ ਚੀਜ਼ਾਂ ਨੂੰ ਲੈ ਕੇ ਕਿਸਾਨਾਂ ਨੂੰ ਬਦਨਾਮ ਕਰਨ ਲਈ ਕਾਫ਼ੀ ਸੀ। ਹੁਣ ਸਰਕਾਰ ਕਿਸਾਨ ਨੂੰ ਕਹਿ ਰਹੀ ਹੈ ਤੁਸੀਂ ਜੋ ਮਰਜ਼ੀ ਕਰੋ, ਅਸੀਂ ਤੁਹਾਨੂੰ ਸਿਰਫ਼ ਖੈਰਾਤ/ਛੋਟ ਦੇ ਸਕਦੇ ਹਾਂ, ਬਸ਼ਰਤੇ ਤੁਸੀਂ ਸਾਨੂੰ ਵੋਟਾਂ ਦਿਓ।

ਇਹ ਸਮਝੌਤਾ ਟਿਕਾਊ ਤੇ ਸਵੀਕਾਰਨਯੋਗ ਨਹੀਂ ਹੈ। ਕੋਵਿਡ ਨੇ ਸਾਨੂੰ ਯਾਦ ਦਿਵਾਇਆ ਹੈ ਕਿ ਕਿਸਾਨ ਬੇਲੋੜਾ ਨਹੀਂ ਹੈ। ਖੇਤੀ ਕਾਨੂੰਨਾਂ ਖਿਲਾਫ਼ ਕਿਸਾਨ ਅੰਦੋਲਨ ਨੇ ਸਾਨੂੰ ਯਾਦ ਦਿਵਾਇਆ ਕਿ ਕਿਸਾਨ ਲਾਚਾਰ ਨਹੀਂ ਹੈ। ਦੇਸ਼ ਭਰ ਵਿੱਚ ਖੇਤੀਬਾੜੀ ਵਿੱਚ ਹੋਏ ਕਈ ਪ੍ਰਯੋਗ ਸਾਨੂੰ ਯਾਦ ਦਿਵਾਉਂਦੇ ਹਨ ਕਿ ਉਨ੍ਹਾਂ ਦਾ ਇੱਕ ਵੱਖਰਾ ਭਵਿੱਖ ਹੋ ਸਕਦਾ ਹੈ। ਕਿਸਾਨਾਂ ਦੇ ਲਈ ਚੁਣੌਤੀ ਇੱਕ ਵੱਖਰੀ ਨੀਤੀ ਤੇ ਇੱਕ ਵੱਖਰੇ ਨਜ਼ਰੀਏ ਨਾਲ ਇੱਕ ਨਵੀਂ ਰਾਜਨੀਤੀ ਬਣਵਾਉਣਾ ਹੈ। ਅਮਰੀਕੀ ਸੁਪਰੀਮ ਕੋਰਟ ਵਲੋਂ ਟਰੰਪ ਦੀਆਂ ਟੈਰਿਫ਼ ਲਾਉਣ ਸੰਬੰਧੀ ਸ਼ਕਤੀਆਂ ਨੂੰ ਰੱਦ ਕਰਨ ਤੋਂ ਬਾਅਦ ਇਸ ਸਮਝੌਤੇ ਬਾਰੇ ਕੁੱਝ ਅਨਿਸ਼ਚਤਤਾ ਪੈਦਾ ਹੋ ਗਈ ਹੈ ਪਰ ਇਸਦਾ ਖੇਤੀ ਮੱਦਾਂ 'ਤੇ ਕੋਈ ਅਸਰ ਪੈਂਦਾ ਹੈ ਜਾਂ ਨਹੀਂ ਇਹ ਅਗਲੇ ਦਿਨਾਂ ਵਿੱਚ ਦੇਖਣ ਵਾਲੀ ਗੱਲ ਹੋਵੇਗੀ।

## ਸ਼ਹਿਰਾਂ ਨੂੰ ਕਿਵੇਂ ਠੰਢਾ ਰੱਖਦੇ ਹਨ ਦਰੱਖਤ?

ਸਵਿਟਜ਼ਰਲੈਂਡ ਦੀ ਨਾਮੀ ਯੂਨੀਵਰਸਿਟੀ 'ਈ. ਟੀ. ਐਫ. ਜਿਊਰਿਖ' ਅਤੇ ਕੁਝ ਰਿਸਰਚਰਸ ਨੇ ਇਹ ਪਤਾ ਲਗਾਉਣ ਲਈ ਇੱਕ ਸਟੱਡੀ ਕੀਤੀ ਹੈ ਕਿ ਦਰੱਖਤ ਸ਼ਹਿਰੀ ਇਲਾਕਿਆਂ ਨੂੰ ਕਿਵੇਂ ਠੰਢਾ ਰੱਖਦੇ ਹਨ।

ਜਿਊਰਿਖ ਦੇ ਵੱਖ-ਵੱਖ ਸ਼ਹਿਰੀ ਇਲਾਕਿਆਂ ਵਿੱਚ ਦਰੱਖਤਾਂ ਦੇ ਅਸਰ ਦੀ ਸਟੱਡੀ ਕਰਨ 'ਤੇ ਪਾਇਆ ਕਿ ਦਰੱਖਤਾਂ ਦੇ ਆਸ-ਪਾਸ ਦੀ ਨਮੀ ਵਾਲੀ ਮਿੱਟੀ ਦਰੱਖਤਾਂ ਦੀ ਆਸ-ਪਾਸ ਦੀ ਹਵਾ ਨੂੰ ਠੰਢਾ ਰੱਖਣ ਵਿੱਚ ਅਹਿਮ ਭੂਮਿਕਾ ਨਿਭਾਉਂਦੀ ਹੈ। ਇਸ ਤੋਂ ਇਲਾਵਾ ਜ਼ਮੀਨ ਤੋਂ ਪਾਣੀ ਦਾ ਇਵੈਪੋਰੇਸ਼ਨ ਵੀ ਹਵਾ ਦੇ ਤਾਪਮਾਨ ਨੂੰ ਘੱਟ ਕਰਨ ਵਿੱਚ ਮੱਦਦ ਕਰਦਾ ਹੈ। ਰਿਸਰਚ ਨੇ ਅੱਗੇ ਪਾਇਆ ਕਿ ਹਾਲਾਂਕਿ ਦਰੱਖਤ ਭੀੜ-ਭਾੜ ਵਾਲੇ ਸ਼ਹਿਰੀ ਇਲਾਕਿਆਂ ਵਿੱਚ ਉਗਾਏ ਜਾਂਦੇ ਹਨ, ਪਰ ਉਨ੍ਹਾਂ ਦੀ ਕੂਲਿੰਗ ਪਾਵਰ ਘੱਟ ਹੁੰਦੀ ਹੈ, ਇਸ ਲਈ ਮਿੱਟੀ ਦੀ ਨਮੀ ਦੇ ਨਾਲ-ਨਾਲ, ਦਰੱਖਤਾਂ ਨੂੰ ਚੰਗੀ ਕੂਲਿੰਗ ਲਈ ਕਾਫ਼ੀ ਜਗ੍ਹਾ ਦੀ ਲੋੜ ਹੁੰਦੀ ਹੈ।

ਇਹ ਧਿਆਨ ਦੇਣ ਯੋਗ ਹੈ ਕਿ ਰੁੱਖ ਨਾ ਸਿਰਫ ਵਾਤਾਵਰਣ ਲਈ ਸਗੋਂ ਮਨੁੱਖੀ ਜੀਵਨ ਲਈ ਵੀ ਬਹੁਤ ਜ਼ਰੂਰੀ ਹਨ।

ਇਹ ਨਾ ਸਿਰਫ ਹਵਾ ਨੂੰ ਸ਼ੁੱਧ ਕਰਦੇ ਹਨ, ਸਗੋਂ ਵਾਤਾਵਰਣ ਨੂੰ ਠੰਢਾ ਰੱਖਣ ਵਿੱਚ ਵੀ ਯੋਗਦਾਨ ਪਾਉਂਦੇ ਹਨ। ਸ਼ਹਿਰੀ ਖੇਤਰਾਂ ਵਿੱਚ ਵਾਤਾਵਰਣ ਨੂੰ ਠੰਢਾ ਰੱਖਣ ਦੇ ਸਭ ਤੋਂ ਪ੍ਰਭਾਵਸ਼ਾਲੀ ਤਰੀਕਿਆਂ ਵਿੱਚੋਂ ਇੱਕ ਰੁੱਖ ਹਨ।

ਰੁੱਖਾਂ ਦੇ ਪੱਤੇ ਸੂਰਜ ਦੀ ਰੋਸ਼ਨੀ ਨੂੰ ਸੋਖ ਲੈਂਦੇ ਹਨ ਅਤੇ ਨਮੀ ਨੂੰ ਬਰਕਰਾਰ ਰੱਖਦੇ ਹਨ, ਜਿਸ ਨਾਲ ਹਵਾ ਠੰਢੀ ਰਹਿੰਦੀ ਹੈ।



ਬਾਕੀ ਸਫਾ 8 ਦੀ

# ਮਾਰਚ ਮਹੀਨੇ ਦੇ ਖੇਤੀ ਰੁਝੇਵੇਂ

ਦੱਖਣੀ ਪਾਸੇ ਵੱਲ 4-5 ਬੀਜ ਪ੍ਰਤੀ ਚੋਕੇ ਦੇ ਹਿਸਾਬ ਨਾਲ 15 ਸੈਂਟੀਮੀਟਰ ਫਾਸਲੇ ਤੇ ਦਬਾ ਦਿਉ। 10 ਤੋਂ 12 ਦਿਨਾਂ ਬਾਅਦ ਹਲਕਾ ਪਾਣੀ ਦਿਉ।

**ਕੱਦੂ ਜਾਤੀ ਦੀਆਂ ਸਬਜ਼ੀਆਂ** : ਹਰ ਇੱਕ ਸਬਜ਼ੀ ਦੀ ਸਿਫ਼ਾਰਸ਼ਾਂ ਮੁਤਾਬਕ



ਖਾਦ ਪਾਉ ਅਤੇ ਖਾਲੀਆਂ ਬਣਾਉ। ਇੱਕ ਏਕੜ ਖੇਤ ਲਈ ਡੇਢ ਤੋਂ ਦੋ ਕਿਲੋ ਬੀਜ ਵਰਤੋਂ। ਫ਼ਸਲ ਦੀ ਲੋੜ ਮੁਤਾਬਕ ਬੂਟਿਆਂ ਦਾ ਫ਼ਾਸਲਾ ਰੱਖੋ ਅਤੇ ਚੰਗੇ ਬੀਜ ਹਰ ਚੋਕੇ ਤੇ ਬੀਜੋ।

**ਟਮਾਟਰ** : ਇਸ ਮਹੀਨੇ ਦੇ ਪਹਿਲੇ ਪੰਦਰਵਾੜੇ ਨਾਈਟ੍ਰੋਜਨ ਦੀ ਦੂਸਰੀ ਖ਼ੁਰਾਕ ਪਾ ਦਿਉ। 10 ਤੋਂ 12 ਦਿਨਾਂ ਬਾਅਦ ਲਗਾਤਾਰ ਪਾਣੀ ਦਿੰਦੇ ਰਹੋ ਤਾਂ ਜੋ ਵਧੀਆ ਫੁੱਲ ਤੇ ਫ਼ਲ ਬਣਨ। ਇਸ ਮਹੀਨੇ ਦੇ ਸ਼ੁਰੂ ਵਿੱਚ ਪਿਛੇਤੇ ਝੁਲਸ ਰੋਗ ਦੀ ਬਿਮਾਰੀ ਟਮਾਟਰਾਂ ਦੀ ਫ਼ਸਲ ਤੇ ਆ ਸਕਦੀ ਹੈ। ਇਸਦੀ ਰੋਕਥਾਮ ਲਈ ਇੰਡੋਫਿਲ ਐਮ-45, 600 ਗ੍ਰਾਮ ਦਾ ਪ੍ਰਤੀ ਏਕੜ ਦੇ ਹਿਸਾਬ 7 ਦਿਨਾਂ ਦੇ ਵਕਫੇ ਤੇ ਛਿੜਕਾਅ ਕਰੋ। ਫ਼ਲ ਦੇ ਗੜੂੰਏਂ ਦੀ ਰੋਕਥਾਮ ਲਈ 60 ਮਿ.ਲਿ. ਕੋਰਾਜ਼ਨ 18.5 ਤਾਕਤ ਜਾਂ 30 ਮਿ.ਲੀ. ਫੇਮ 480 ਐਸ ਐਲ ਜਾਂ 200 ਮਿ.ਲਿ. ਇਡੋਕਸਾਕਾਰਬ 14.5 ਤਾਕਤ ਪ੍ਰਤੀ ਏਕੜ ਦੇ ਹਿਸਾਬ ਨਾਲ 100 ਲਿਟਰ ਪਾਣੀ ਵਿੱਚ ਘੋਲ ਕੇ ਛਿੜਕੋ।

**ਰਵਾਂਹ** : ਹਰੀਆਂ ਫ਼ਲੀਆਂ ਦੀ ਵਰਤੋਂ ਲਈ ਕਾਉਪੀਜ਼ 263 ਕਿਸਮ ਨੂੰ 45 ਸੈਂਟੀਮੀਟਰ ਦੀ ਦੂਰੀ ਤੇ ਕਤਾਰਾਂ ਅਤੇ ਬੀਜ ਤੋਂ ਬੀਜ 15 ਸੈਂਟੀਮੀਟਰ ਦੀ ਦੂਰੀ ਤੇ ਬੀਜੋ। ਬਿਜਾਈ ਸਮੇਂ 45 ਕਿਲੋ ਯੂਰੀਆ, 100 ਕਿਲੋ ਸਿੰਗਲ ਸੁਪਰਫ਼ਾਸਫੇਟ ਅਤੇ 16 ਕਿਲੋ ਮਿਊਰੇਟ ਆਫ਼ ਪੋਟਾਸ਼ ਪ੍ਰਤੀ ਏਕੜ ਦੇ ਹਿਸਾਬ ਨਾਲ ਪਾਓ। ਰਵਾਂਹ ਦਾ 8-10 ਕਿਲੋ ਬੀਜ ਪ੍ਰਤੀ ਏਕੜ ਦੇ ਹਿਸਾਬ ਨਾਲ ਪਾਉ।

**ਆਲੂ** : ਬੀਜ ਵਾਲੇ ਆਲੂ ਨੂੰ ਠੰਢੇ ਸਟੋਰ ਵਿੱਚ ਰੱਖਣ ਤੋਂ ਪਹਿਲਾਂ ਚੰਗੀ ਤਰ੍ਹਾਂ ਛਾਂਟੀ ਕਰ ਲਵੋ ਅਤੇ ਝੁਲਸ ਰੋਗ ਵਾਲੇ ਦਾਗੀ ਆਲੂ ਜਿਨ੍ਹਾਂ ਤੇ ਭੂਰੇ ਤੋਂ



ਜਾਮਣੀ ਰੰਗ ਦੇ ਚਟਾਖ਼ ਪੈ ਜਾਂਦੇ ਹਨ, ਬਾਹਰ ਕੱਢ ਕੇ ਨਸ਼ਟ ਕਰ ਦਿਉ। ਖਰੀਂਢ ਰੋਗ ਅਤੇ ਧੱਫੜੀ ਰੋਗ ਵਾਲੇ ਆਲੂ ਦੀ ਛਾਂਟੀ ਕਰਕੇ ਬਾਹਰ ਕੱਢ ਦਿਉ।

**ਬਾਗਬਾਨੀ**

1. ਸਦਾ ਹਰੇ ਰਹਿਣ ਵਾਲੇ ਬੂਟੇ ਜਿਵੇਂ ਕਿ ਨਿੰਬੂ ਜਾਤੀ ਦੇ ਫਲ, ਅੰਬ, ਲੀਚੀ, ਅਮਰੂਦ, ਲੁਕਾਠ, ਡਰੈਗਨ ਫਰੂਟ, ਬੇਰ ਆਦਿ ਦਾ ਜਿੰਨੀ ਛੇਤੀ ਹੋ ਸਕੇ ਖੇਤਾਂ ਵਿੱਚ ਲਗਾ ਦਿਓ।

2. ਨਵੇਂ ਲਗਾਏ ਛੋਟੇ ਬੂਟਿਆਂ ਨੂੰ ਥੋੜੇ-ਥੋੜੇ ਵਕਫੇ ਤੇ ਪਾਣੀ ਦਿੰਦੇ ਰਹੋ। ਇਨ੍ਹਾਂ ਛੋਟੇ ਬੂਟਿਆਂ ਨੂੰ ਸਿੱਧਾ ਰੱਖਣ ਲਈ ਸੋਟੀਆਂ ਆਦਿ ਦਾ ਸਹਾਰਾ ਦਿਓ ਤਾਂ ਜੋ ਬੂਟੇ ਵਧੀਆ ਉਪਰ ਨੂੰ ਵੱਧ ਸਕਣ।

3. ਇਸ ਮਹੀਨੇ ਫ਼ਲਦਾਰ ਬੂਟਿਆਂ ਨੂੰ ਲਗਾਤਾਰ ਪਾਣੀ ਦੇਣਾ ਚਾਹੀਦਾ ਹੈ ਕਿਉਕਿ ਉਨ੍ਹਾਂ ਤੇ ਨਵਾਂ ਪੁੰਗਾਰ ਆਉਂਦਾ ਹੈ। ਲੀਚੀ ਦੇ ਦਰੱਖਤਾਂ ਤੇ ਜਦੋਂ ਫਲ ਪੈ ਜਾਣ ਤਾਂ ਤਿੰਨ ਹਫ਼ਤੇ ਦੇ ਵਕਫੇ 'ਤੇ ਲਗਾਤਾਰ ਪਾਣੀ ਦਿਓ। ਅੰਗੂਰਾਂ ਦੀਆਂ ਵੇਲਾਂ ਨੂੰ ਮਾਰਚ ਦੇ ਪਹਿਲੇ ਹਫ਼ਤੇ ਪਾਣੀ ਦੇਣ ਦੀ ਜ਼ਰੂਰਤ ਹੈ। ਅਗੇਤੀਆਂ ਪੱਕਣ ਵਾਲੀਆਂ ਆੜੂ ਦੀਆਂ ਕਿਸਮਾਂ ਨੂੰ ਮਾਰਚ ਦੇ ਅਖੀਰ ਵਿੱਚ ਹਰ ਹਫ਼ਤੇ ਪਾਣੀ ਦੇਣਾ ਸ਼ੁਰੂ ਕਰੋ।

4. ਬੇਰਾਂ ਦੀ ਤੁੜਾਈ ਦਾ ਮੁੱਖ ਸਮਾਂ ਅੱਧ ਮਾਰਚ ਤੋਂ ਅੱਧ ਅਪ੍ਰੈਲ ਹੈ। ਐਥੀਫੋਨ 400 ਪੀ ਪੀ ਐਮ ਦਾ (250 ਮਿ.ਲਿ. 300 ਲਿਟਰ ਪਾਣੀ) ਮਾਰਚ ਦੇ ਪਹਿਲੇ ਹਫ਼ਤੇ ਫ਼ਲਾਂ ਦੀ ਰੰਗ ਬਦਲਣ ਦੀ ਅਵਸਥਾ ਤੇ ਛਿੜਕਾਅ ਕਰਨ ਨਾਲ ਉਮਰਾਨ ਕਿਸਮ ਦੇ ਬੇਰ ਦੇ ਹਫ਼ਤੇ ਪਹਿਲਾਂ ਪੱਕ ਜਾਂਦੇ ਹਨ ਅਤੇ ਫ਼ਲ ਦਿਲਖਿੱਚਵੇਂ, ਇਕਸਾਰ, ਚੰਗੇ ਗੁਣਾਂ ਵਾਲੇ ਅਤੇ ਗੂੜ੍ਹੇ ਸੁਨਹਿਰੀ ਪੀਲੇ ਚਾਕਲੇਟ ਭਾਅ ਮਾਰਦੇ ਹਨ।

5. ਆਲੂ ਅਤੇ ਅਲੂਚੇ ਦੇ ਬਾਗਾਂ ਵਿੱਚ ਬੂਟਿਆਂ ਦੀਆਂ ਛੱਤਰੀਆਂ ਹੇਠਾਂ 10 ਸੈਂਟੀਮੀਟਰ ਝੋਨੇ ਦੀ ਪਰਾਲੀ ਦੀ ਤਹਿ ਵਿਛਾ ਦਿਉ ਪਰ ਇਹ ਕੰਮ ਰਸਾਇਣਿਕ ਖਾਦਾਂ ਦੀ ਦੂਜੀ ਕਿਸ਼ਤ ਪਾਉਣ ਤੋਂ ਬਾਅਦ ਕਰੋ ਅਜਿਹਾ ਕਰਨ ਨਾਲ ਨਾ ਸਿਰਫ਼ ਪਾਣੀ ਦੀ ਬੱਚਤ ਹੋਵੇਗੀ ਸਗੋਂ ਨਦੀਆਂ ਦੀ ਰੋਕਥਾਮ ਦੇ ਨਾਲ-ਨਾਲ ਫ਼ਲਾਂ ਦੇ ਝਾੜ ਅਤੇ ਗੁਣਵੱਤਾ ਵਿੱਚ ਵੀ ਸੁਧਾਰ ਹੋਵੇਗਾ।

6. ਅਮਰੂਦਾਂ ਦੇ ਬਹੁਤ ਪੁਰਾਣੇ ਅਤੇ ਘੱਟ ਝਾੜ ਦੇਣ ਵਾਲੇ ਦਰੱਖਤਾਂ ਦਾ ਨਵੀਨੀਕਰਨ ਕਰਨ ਲਈ ਮਾਰਚ ਮਹੀਨੇ ਜ਼ਮੀਨ ਤੋਂ 1.5 ਮੀਟਰ ਉਚਾਈ ਤੋਂ ਕੱਟ ਦਿਓ ਅਤੇ ਕੱਟੇ ਹੋਏ ਸਿਰਿਆਂ ਉੱਪਰ ਬੋਰਡੋ ਪੇਸਟ ਲਗਾਉ।

7. ਕਿੰਨੂ ਵਿੱਚ ਪੈਰ ਗਲ਼ਣ ਦੇ ਰੋਗ ਨੂੰ ਰੋਕਣ ਲਈ (ਫਾਈਟੋਪਥੋਰਾ) ਦੋ ਵਾਰ ਕਾਰਜੈਂਟ ਐਮ-8 (2 ਗ੍ਰਾਮ ਪ੍ਰਤੀ 100 ਮਿ.ਲਿ. ਅਲਸੀ ਦੇ ਤੇਲ ਦੇ ਹਿਸਾਬ ਨਾਲ) ਪੇਂਟ ਦੇ ਤੌਰ ਤੇ ਬਿਮਾਰੀ ਵਾਲੇ ਤਣੇ ਤੇ ਲਗਾਓ ਅਤੇ ਬੂਟੇ ਦੇ ਹੇਠਾਂ ਵਾਲੀ ਜ਼ਮੀਨ ਨੂੰ ਇਸੇ ਦਵਾਈ ਨਾਲ 25 ਗ੍ਰਾਮ ਪ੍ਰਤੀ 10 ਲਿਟਰ ਪਾਣੀ ਦੇ ਹਿਸਾਬ ਨਾਲ ਚੰਗੀ ਤਰ੍ਹਾਂ ਭਿਉਂ ਦਿਓ ਜਾਂ ਪੌਦੇ ਦੇ ਆਲੇ-ਦੁਆਲੇ ਅਤੇ ਮੁੱਢਾਂ ਉੱਪਰ ਸੋਡੀਅਮ ਹਾਈਪੋਕਲੋਰਾਈਡ (5%) ਨੂੰ 50 ਮਿ.ਲਿ. ਪ੍ਰਤੀ ਬੂਟੇ ਦੇ ਹਿਸਾਬ ਨਾਲ 10 ਲਿਟਰ ਪਾਣੀ ਵਿੱਚ ਘੋਲ ਬਣਾ ਕੇ ਗੜੁੱਚ ਕਰੋ।

8. ਨਿੰਬੂ ਜਾਤੀ ਦੇ ਫ਼ਲਾਂ ਦੇ ਦਰੱਖਤਾਂ ਦੇ ਕੀੜਿਆਂ ਖਾਸ ਕਰਕੇ ਸਿੱਲਾ ਅਤੇ ਪੇਚੇ ਦੀ ਰੋਕਥਾਮ ਲਈ 200 ਮਿ. ਲਿ. ਕਰੋਕੋਡਾਈਲ/ਕੰਨਫੀਡੋਰ 17.8 ਐਸ



ਐਸ (ਇਮਾਡਾਕਲੋਪਰਿਡ) ਜਾਂ 160 ਗ੍ਰਾਮ ਐਕਟਾਰਾ 25 ਤਾਕਤ (ਥਾਇਆਮੈਥਾਕਸਮ) ਜਾਂ 6.25 ਲਿਟਰ ਐਚ ਐਮ ਓ ਨੂੰ 500 ਲਿਟਰ ਪਾਣੀ ਵਿੱਚ ਪਾ ਕੇ ਪ੍ਰਤੀ ਏਕੜ ਛਿੜਕਾਅ ਕਰੋ।

9. ਅੰਬਾਂ ਵਿੱਚ ਚਿੱਟੋਂ ਰੋਗ ਦੀ ਰੋਕਥਾਮ ਲਈ ਕੰਨਟਾਫ (1 ਮਿ.ਲਿ. ਪ੍ਰਤੀ ਲਿਟਰ ਪਾਣੀ) ਜਾਂ ਸਲਫਰ ਘੁਲਣਸ਼ੀਲ (2.5 ਗ੍ਰਾਮ ਪ੍ਰਤੀ ਲਿਟਰ ਪਾਣੀ) ਦਾ ਇੱਕ ਛਿੜਕਾਅ ਫੁੱਲ ਪੈਣ ਤੋਂ ਪਹਿਲਾਂ, ਦੂਜਾ ਫੁੱਲ ਪੈਣ ਸਮੇਂ ਅਤੇ ਤੀਜਾ ਫ਼ਲ ਪੈਣ (ਅੰਬੀ ਬਣਨ) ਸਮੇਂ ਕਰੋ।

**ਸਜਾਵਟੀ ਬੂਟੇ**

**ਮੌਸਮੀ ਫੁੱਲ** : ਗਰਮੀਆਂ ਦੇ ਮੌਸਮੀ ਫੁੱਲ ਜਿਵੇਂ ਕਿ ਕੋਸਮੋਸ, ਗੋਮਫਰੀਨਾ, ਕੋਚੀਆਂ, ਜ਼ੀਨੀਆ, ਦੁਪਹਿਰ ਖਿੜੀ ਦੀ ਨਰਸਰੀ ਅੰਸ਼ਿਕ ਛਾਂ ਹੇਠ ਲਗਾਉਣ ਲਈ ਢੁੱਕਵਾਂ ਸਮਾਂ ਹੈ। ਸਰਦੀ ਦੇ ਮੌਸਮ ਫੁੱਲਾਂ ਦੇ ਪੌਦਿਆਂ ਤੋਂ ਪੱਕ ਚੁੱਕੇ ਬੀਜ ਇਕੱਠਾ ਕਰਨਾ ਸ਼ੁਰੂ ਕਰ ਦਿਓ। ਬੀਜ ਨੂੰ ਸੁਕਾ ਕੇ ਡੱਬਿਆਂ ਵਿੱਚ ਬੰਦ ਕਰ ਕੇ ਰੱਖ ਦਿਓ।

**ਗੁਲਦਾਉਦੀ** : ਗੁਲਦਾਉਦੀ ਦੇ ਜੜ੍ਹਏਂ, ਜਿਨ੍ਹਾਂ ਨੂੰ ਜਨਵਰੀ ਜਾਂ ਫ਼ਰਵਰੀ ਵਿੱਚ ਕਿਆਰੀਆਂ ਵਿੱਚ ਲਾਇਆ ਗਿਆ ਸੀ, ਉਨ੍ਹਾਂ ਦੇ ਟੂਸੇ ਤੋੜਦੇ ਰਹੋ ਤਾਂ ਜੋ ਵੱਧ ਤੋਂ ਵੱਧ ਸ਼ਾਖਾਵਾਂ ਫੁੱਟ ਸਕਣ। ਸਮੇਂ ਸਿਰ ਨਦੀਨਾਂ ਨੂੰ ਪੁੱਟਦੇ ਰਹੋ ਅਤੇ ਕੋਮਲ ਸ਼ਖਾਵਾਂ ਉੱਪਰ ਕਾਲੇ ਤੇਲੇ ਦਾ ਸਰਵੇਖਣ ਕਰਦੇ ਰਹੋ।

**ਪੱਕੇ ਬੂਟੇ** : ਇਸ ਮਹੀਨੇ ਦੌਰਾਨ ਸਦਾ ਬਹਾਰ ਰੁੱਖਾਂ, ਝਾੜੀਆਂ ਅਤੇ ਵੇਲਾਂ ਸਮੇਤ ਹਰ ਤਰ੍ਹਾਂ ਦੇ ਪੱਕੇ ਬੂਟਿਆਂ ਨੂੰ ਲਾਇਆ ਜਾ ਸਕਦਾ ਹੈ। ਬੂਟੇ ਲਾਉਣ ਲਈ ਗਾਚੀ ਤੋਂ ਢਾਈ ਤੋਂ ਤਿੰਨ ਗੁਣਾਂ ਵਿਆਸ ਅਤੇ ਗਾਚੀ ਦੀ ਲੰਬਾਈ ਜਿੰਨਾ ਟੋਆ ਪੁੱਟੋ। ਰੁੱਖਾਂ, ਝਾੜੀਆਂ ਦੀ ਪੌਦ ਲਗਾਉਣ ਦੌਰਾਨ ਉਨ੍ਹਾਂ ਦੀ ਆਪਸ ਦੀ ਦੂਰੀ ਦਾ ਧਿਆਨ ਰੱਖੋ। ਬੀਜ ਤੋਂ ਤਿਆਰ ਹੋਣ ਵਾਲੀਆਂ ਝਾੜੀਆਂ ਦਾ ਬੀਜ ਵੀ ਇਸ ਸਮੇਂ ਨਰਸਰੀ ਬੈੱਡ ਬਣਾ ਕੇ ਬੀਜਿਆ ਜਾ ਸਕਦਾ ਹੈ।

**ਘਾਹ ਦਾ ਮੈਦਾਨ (ਲਾਅਨ)** : ਜੇਕਰ ਸਿੰਚਾਈ ਦੀ ਵਿਵਸਥਾ ਹੋਵੇ ਤਾਂ ਘਾਹ ਦਾ ਮੈਦਾਨ (ਉਪਚਾਰਿਕ ਅਤੇ ਅਣ-ਉਪਚਾਰਿਕ ਵਿਧੀ) ਤਿਆਰ ਕਰਨ ਲਈ ਇਹ ਵਧੀਆ ਮੌਸਮ ਹੈ। ਤਿਆਰ ਕੀਤੀ ਹੋਈ ਜ਼ਮੀਨ ਵਿੱਚ ਘਾਹ ਦੀਆਂ ਜੜ੍ਹਾਂ ਨੂੰ ਲਾਇਆ ਜਾ ਸਕਦਾ ਹੈ। ਸ਼ੁਰੂ ਵਿੱਚ ਲਾਅਨ ਦੀ ਸਿੰਚਾਈ ਫੁਹਾਰੇ ਨਾਲ ਕਰੋ। ਘਾਹ ਦਾ ਮੈਦਾਨ ਜਲਦੀ ਤਿਆਰ ਕਰਨ ਲਈ ਮੈਟ (ਟਰਫ) ਪਹਿਲਾਂ ਤੋਂ ਤਿਆਰ ਕੀਤੀ ਜ਼ਮੀਨ ਤੇ ਵੀ ਲਗਾਇਆ ਜਾ ਸਕਦਾ ਹੈ।

**ਗਮਲਿਆਂ ਵਾਲੇ ਬੂਟੇ** : ਗਮਲਿਆਂ ਵਾਲੇ ਬੂਟੇ ਜਿਵੇਂ ਕਿ ਡਰਾਈਸੀਨਾ, ਐਲੋਕੀਸੀਆ, ਫਾਈਕਸ, ਕਰੋਟੋਨਸ, ਕਲੋਰੋਫਾਈਟਮ, ਫਰਨ, ਸੈਨਸੀਵੇਰੀਆ ਆਦਿ ਨੂੰ ਨਿਖੇੜ ਕੇ ਵਧਾਉਣ ਦਾ ਉੱਤਮ ਸਮਾਂ ਹੈ। ਜਿਹੜੇ ਪਿਛਲੇ 3-4 ਸਾਲ ਤੋਂ ਗਮਲੇ ਵਿੱਚ ਲੱਗੇ ਹੋਏ ਹਨ, ਉਨ੍ਹਾਂ ਨੂੰ ਗਮਲੇ ਵਿੱਚੋਂ ਕੱਢ ਕੇ ਤਾਜ਼ੀ ਉਪਜਾਊ ਮਿੱਟੀ ਅਤੇ ਗਲੀ-ਸੜੀ ਰੂੜੀ ਦੀ ਖਾਦ ਨਾਲ ਭਰੇ ਹੋਏ ਗਮਲਿਆਂ ਵਿੱਚ ਦੁਬਾਰਾ ਲਾ ਦਿਓ ਅਤੇ ਪਾਣੀ ਪਾਓ। ਅਜਿਹਾ ਕਰਨ ਨਾਲ ਬੂਟਿਆਂ ਵਿੱਚ ਨਿਖਾਰ ਅਤੇ ਨਵੇਂ ਪੱਤਿਆਂ ਦਾ ਵਾਧਾ ਹੋਵੇਗਾ। ਲੋੜ ਪੈਣ ਤੇ ਸੁੱਕੇ ਪੱਤੇ ਅਤੇ ਵਾਧੂ ਸ਼ਖਾਵਾਂ ਕੱਟ ਦਿਓ।

**ਗੰਢਿਆਂ ਵਾਲੇ ਬੂਟੇ** : ਜੇਕਰ ਗਰਮੀ ਦੇ ਗੰਢਿਆਂ ਵਾਲੇ ਬੂਟਿਆਂ ਦੇ ਗੰਢੇ ਨਹੀਂ ਬੀਜੇ ਤਾਂ ਹੁਣ ਬੀਜ ਦਿਓ।



ਰਜਨੀਗੰਧਾ ਦੇ ਗੰਢੇ ਇਸ ਮਹੀਨੇ ਵੀ ਬੀਜੇ ਜਾ ਸਕਦੇ ਹਨ।

**ਗੁਲਾਬ** : ਗਰਮੀ ਦਾ ਮੌਸਮ ਸ਼ੁਰੂ ਹੋਣ ਕਰਕੇ ਪਾਣੀ ਦੀ ਜ਼ਰੂਰਤ ਵੱਧ ਜਾਂਦੀ ਹੈ। ਇਸ ਕਰਕੇ ਸਿੰਚਾਈ ਦਾ ਖਾਸ ਧਿਆਨ ਰੱਖੋ ਤਾਂ ਕਿ ਸਿਹਤਮੰਦ ਫੁੱਲ ਪ੍ਰਾਪਤ ਕੀਤੇ ਜਾ ਸਕਣ। ਸੁੱਕੇ ਹੋਏ ਫੁੱਲ ਅਤੇ ਜੜ੍ਹ-ਮੁੱਢ ਤੋਂ ਨਿਕਲ ਰਹੀਆਂ ਸ਼ਾਖਾਵਾਂ ਨੂੰ ਸਮੇਂ-ਸਮੇਂ ਤੇ ਕੱਟਦੇ ਰਹੋ।

**ਗੇਂਦਾ** : ਗਰਮੀ ਵਾਲੇ ਗੇਂਦੇ (ਪੰਜਾਬ ਗੇਂਦਾ ਨੰ. 1) ਦੀ ਪਨੀਰੀ ਖੇਤ ਵਿੱਚ ਲਾ ਦਿਓ।

**ਵਣ ਖੇਤੀ**

**ਪਾਪਲਰ** : ਤਿੰਨ ਸਾਲ ਤੋਂ ਘੱਟ ਉਮਰ ਦੀਆਂ ਪਾਪਲਰ ਪਲਾਂਟੇਸ਼ਨਾਂ ਵਿੱਚ ਮਾਰਚ ਦੇ ਅਖੀਰ ਤੱਕ ਗੰਨੇ ਦੀ ਬਿਜਾਈ ਕਰ ਸਕਦੇ ਹੋ। ਪਾਪਲਰ ਦੀ ਨਰਸਰੀ ਅਤੇ ਪਲਾਂਟੇਸ਼ਨਾਂ ਨੂੰ 7-10 ਦਿਨਾਂ ਦੇ ਵਕਫੇ ਤੇ ਪਾਣੀ ਲਾਉਂਦੇ ਰਹੋ ਤਾਂ ਜੋ ਫੁਟਾਰਾ ਚੰਗਾ ਹੋ ਸਕੇ। ਨਰਸਰੀ ਵਿੱਚ ਨਦੀਨਾਂ ਦੀ ਰੋਕਥਾਮ ਲਈ ਝੋਨੇ ਦੀ ਪਰਾਲੀ 4 ਟਨ ਪ੍ਰਤੀ ਏਕੜ ਦੇ ਹਿਸਾਬ ਨਾਲ ਪਹਿਲੇ ਪਾਣੀ ਤੋਂ ਬਾਅਦ ਤੁਰੰਤ ਵਿਛਾ ਦਿਓ।

**ਸਫ਼ੈਦਾ** : ਸਫ਼ੈਦੇ ਦੇ ਬੀਜ ਨੂੰ ਫ਼ਰਵਰੀ-ਮਾਰਚ ਵਿੱਚ ਧਰਤੀ ਤੋਂ ਉੱਚੀਆਂ ਕਿਆਰੀਆਂ (10 ਤੋਂ 15 ਸੈ.ਮੀ.) ਵਿੱਚ ਛੱਟਾ ਮਾਰ ਕੇ ਜਾਂ ਲਾਈਨਾਂ ਵਿਚਕਾਰ 10 ਸੈ.ਮੀ. ਦੀ ਦੂਰੀ ਰੱਖ ਕੇ 20 ਗ੍ਰਾਮ ਪ੍ਰਤੀ ਵਰਗ ਮੀਟਰ ਦੇ ਹਿਸਾਬ ਨਾਲ ਬੀਜ ਦਿਉ। ਘਾਹ ਦੇ ਬਣੇ ਹੋਏ ਛੱਪਰ ਨਾਲ ਢੱਕ ਦਿਉ ਅਤੇ ਲੋੜ ਅਨੁਸਾਰ ਪਾਣੀ ਦਾ ਛਿੜਕਾਅ ਕਰਦੇ ਰਹੋ ਤਾਂ ਜੋ ਮਿੱਟੀ ਦੀ ਉੱਪਰਲੀ ਸਤਹਿ ਗਿੱਲੀ ਰਹੇ। ਜਦੋਂ ਪੌਦੇ ਤਿੰਨ ਜਾਂ ਚਾਰ ਪੱਤੇ ਕੱਢ ਲੈਣ ਤਾਂ ਇਨ੍ਹਾਂ ਨੂੰ ਪੋਲੀਥੀਨ ਦੀਆਂ ਥੈਲੀਆਂ ਵਿੱਚ ਜਿੰਨ੍ਹਾਂ ਨੂੰ ਮਿੱਟੀ ਅਤੇ ਰੂੜੀ ਦੀ ਖਾਦ (2:1) ਨਾਲ ਭਰ ਕੇ ਪਾਣੀ ਲਾਇਆ ਹੋਵੇ, ਉਨ੍ਹਾਂ ਥੈਲੀਆਂ ਵਿੱਚ ਲਾ ਦਿਉ।

ਸਫੈਦੇ ਦੀ ਪਲਾਂਟੇਸ਼ਨ ਨੂੰ ਫ਼ਾਸਫੋਰਸ ਦੀ ਖ਼ੁਰਾਕ ਅਤੇ ਇਕ ਤਿਹਾਈ ਨਾਈਟ੍ਰੋਜਨ ਖਾਦ, ਮਾਰਚ ਦੇ ਦੂਜੇ ਪੰਦਰਵਾੜੇ ਵਿੱਚ ਪਾ ਦੇਣੀ ਚਾਹੀਦੀ ਹੈ।

**ਸ਼ਹਿਦ ਦੀਆਂ ਮੱਖੀਆਂ ਪਾਲਣਾ**

ਸ਼ਹਿਦ ਮੱਖੀ ਪਾਲਣ ਸ਼ੁਰੂ ਕਰਨ ਲਈ ਅਜੇ ਵੀ ਅੱਧ ਮਾਰਚ ਤੱਕ ਇਹ ਢੁੱਕਵਾਂ ਸਮਾਂ ਹੈ। ਇਸ ਮਹੀਨੇ ਕਾਫ਼ੀ ਫੁੱਲ-ਫੁਲਾਕਾ ਪ੍ਰਾਪਤ ਹੋਣ ਅਤੇ ਸੁਖਾਵਾਂ ਮੌਸਮ ਹੋਣ ਕਾਰਨ ਬਰੂਡ ਵੀ ਕਾਫ਼ੀ ਪੈਂਦਾ ਹੈ ਅਤੇ ਇਸ ਲਈ ਕਟੁੰਬਾਂ ਦੀ ਬਲਤਾ ਵਿੱਚ ਤੇਜ਼ੀ ਨਾਲ ਵਾਧਾ ਹੁੰਦਾ ਹੈ। ਸੋ ਇਹ ਕਟੁੰਬਾਂ ਦੀ ਗਿਣਤੀ ਨੂੰ ਵਧਾਉਣ ਲਈ ਵੀ ਢੁੱਕਵਾਂ ਸਮਾਂ ਹੈ। ਛੋਟੇ ਮੱਖੀ ਫਾਰਮਾਂ ਤੇ ਕਟੁੰਬਾਂ ਦੀ ਗਿਣਤੀ ਵਿੱਚ ਵਾਧਾ ਉਨ੍ਹਾਂ ਦੀ ਸੁਚੱਜੀ ਵੰਡ ਕਰਕੇ ਅਤੇ ਵੱਡੇ ਫਾਰਮਾਂ ਤੇ ਸਮੂਹਕ ਰਾਣੀ ਮੱਖੀਆਂ ਤਿਆਰ ਕਰਕੇ ਕੀਤਾ ਜਾ ਸਕਦਾ ਹੈ। ਇਹ ਸਮਾਂ ਪੁਰਾਣੀਆਂ ਅਤੇ ਮਾੜੀਆਂ ਰਾਣੀ ਮੱਖੀਆਂ ਤਬਦੀਲ ਕਰਨ ਲਈ ਵੀ ਢੁੱਕਵਾਂ ਹੈ ਅਤੇ ਇਸ ਮੰਤਵ ਲਈ ਲੋੜੀਂਦੀਆਂ ਰਾਣੀ ਮੱਖੀਆਂ ਕਿਸੇ ਚੰਗੇ ਰਵੇ ਦੇ ਕਟੁੰਬਾਂ ਤੋਂ ਵਪਾਰਕ ਪੱਧਰੀ ਸਮੂਹਕ ਰਾਣੀ ਮੱਖੀਆਂ ਤਿਆਰ ਕਰਨ ਵਾਲੇ ਢੰਗ ਨੂੰ ਅਪਣਾ ਕੇ ਤਿਆਰ ਕੀਤੀਆਂ ਜਾ ਸਕਦੀਆਂ ਹਨ। ਜੇ ਅਜੇ ਤੱਕ ਕਟੁੰਬਾਂ ਦੀ ਹਿਜ਼ਰਤ ਸਫੈਦੇ ਦੇ ਦਰੱਖਤਾਂ ਨੇੜੇ ਨਹੀਂ ਕੀਤੀ, ਤਾਂ ਮਾਰਚ ਮਹੀਨੇ ਦੇ ਸ਼ੁਰੂ ਵਿੱਚ ਹੀ ਇਹ ਹਿਜ਼ਰਤ ਜ਼ਰੂਰ ਕਰ ਦੇਣੀ ਚਾਹੀਦੀ ਹੈ। ਇਸ ਹਿਜ਼ਰਤ ਤੋਂ ਪਹਿਲਾਂ ਮੱਖੀਆਂ ਦੁਆਰਾ ਇਕੱਠਾ ਕੀਤਾ ਪੱਕਿਆ ਹੋਇਆ ਸ਼ਹਿਦ ਕੱਢ ਲਵੋ। ਜੇਕਰ ਕਟੁੰਬ ਵਿੱਚ ਮੱਖੀਆਂ ਦੀ ਬਲਤਾ ਜ਼ਿਆਦਾ ਹੈ ਤਾਂ ਕਟੁੰਬ ਨੂੰ ਹੋਰ ਛੱਤੇ, ਬੁਨਿਆਦੀ ਸ਼ੀਟਾਂ ਲੱਗੀਆਂ ਫਰੇਮਾਂ ਦਿਉ। ਜੇਕਰ ਕਟੁੰਬ ਪਹਿਲਾਂ ਹੀ 10 ਛੱਤਿਆਂ ਤੇ ਹੈ ਤਾਂ ਸੁਪਰ ਚੈਂਬਰ ਦੇ ਰੂਪ ਵਿੱਚ ਹੋਰ ਜਗ੍ਹਾ ਦੇਵੋ। ਸਵਾਰਮ ਪ੍ਰਤੀ ਚੁਕੰਨੇ ਰਹੋ ਅਤੇ ਇਸ ਦੀ ਰੋਕਥਾਮ ਲਈ ਸਿਫ਼ਾਰਸ਼ਾਂ ਅਨੁਸਾਰ ਯੋਗ ਪ੍ਰਬੰਧ ਕਰੋ।

(ਚੱਲਦਾ)

**ਸਿੰਜਾਈ ਦੇ ਪੰਜਾਬ ਮਾਡਲ ਨੇ ਖੇਤਰ ਦੇ ਵਾਤਾਵਰਨ, ਖ਼ਾਸ ਤੌਰ 'ਤੇ ਜਲ ਸਰੋਤਾਂ ਨੂੰ ਵਿਗਾੜ ਦਿੱਤਾ ਹੈ। ਇਸ ਦੇ ਨਤੀਜੇ ਧਰਤੀ ਹੇਠਲੇ ਪਾਣੀ ਦੇ ਘਟਣ, ਵਿਆਪਕ ਪੱਧਰ 'ਤੇ ਫੈਲੇ ਖ਼ਾਰੇਪਣ, ਪਾਣੀ ਦੀ ਘਟਦੀ ਗੁਣਵੱਤਾ ਤੇ ਖ਼ਾਸ ਕਿਸਮ ਦੀਆਂ ਬਿਮਾਰੀਆਂ ਦੇ ਰੂਪ ਵਿੱਚ ਦਿਖਾਈ ਦੇਣ ਲੱਗੇ ਹਨ। ਪਿਛਲੇ ਸਾਲਾਂ ਦੌਰਾਨ ਜਲ ਸਰੋਤਾਂ ਦੇ ਵਿਕਾਸ ਤੇ ਪ੍ਰਬੰਧਨ ਵਿੱਚ ਕਈ ਮੁੱਦੇ ਤੇ ਚੁਣੌਤੀਆਂ ਸਾਹਮਣੇ ਆਈਆਂ ਹਨ।**



# ਪੰਜਾਬ ਦੀ ਖੇਤੀ ਅਤੇ ਪਾਣੀ ਦਾ ਮਸਲਾ

ਭਾਰਤ 1950ਵਿਆਂ ਤੇ 1960ਵਿਆਂ ਵਿੱਚ ਵੱਡੇ ਪੱਧਰ 'ਤੇ ਅਨਾਜ ਦੀ ਘਾਟ ਝੱਲ ਰਿਹਾ ਸੀ ਤਾਂ ਸਰਕਾਰ ਨੂੰ ਲੋਕਾਂ ਤੱਕ ਖ਼ੁਰਾਕ ਮੁਹੱਈਆ ਕਰਵਾਉਣ ਲਈ ਅਨਾਜ ਦੂਜੇ ਦੇਸ਼ਾਂ ਤੋਂ ਦਰਾਮਦ ਕਰਨਾ ਪੈਂਦਾ ਸੀ। ਉਸ ਵੇਲੇ ਹਰੀ ਕ੍ਰਾਂਤੀ ਰਹਿਤ ਨਵੀਆਂ ਖੇਤੀ ਤਕਨੀਕਾਂ ਰਾਹੀਂ ਪੰਜਾਬ ਨੇ ਰਿਕਾਰਡ ਤੋੜ ਅਨਾਜ ਪੈਦਾ ਕੀਤਾ ਤੇ ਦੇਸ਼ ਦਾ ਅਨਾਜ ਭੰਡਾਰ ਬਣ ਗਿਆ। ਪੰਜਾਬ ਅੱਜ ਵੀ ਦੇਸ਼ ਦੇ ਕੁੱਲ ਅੰਨ ਭੰਡਾਰ ਵਿੱਚ ਲਗਭਗ 30 ਫ਼ੀਸਦੀ ਤੋਂ ਵੱਧ ਚੌਲ ਅਤੇ 45 ਫ਼ੀਸਦੀ ਤੋਂ ਵੱਧ ਕਣਕ ਦਾ ਯੋਗਦਾਨ ਪਾ ਰਿਹਾ ਹੈ। ਪੰਜਾਬ ਵਿੱਚ ਵੱਧ ਝਾੜ ਦੇਣ ਵਾਲੀਆਂ ਫ਼ਸਲਾਂ, ਨਕਦੀ ਫ਼ਸਲਾਂ, ਸਾਲ ਵਿੱਚ ਦੋ ਫ਼ਸਲਾਂ ਅਤੇ ਹੋਰ ਆਰਥਿਕ ਗਤੀਵਿਧੀਆਂ ਦਾ ਪਸਾਰ ਹੋਣ ਨਾਲ ਵੱਖ-ਵੱਖ ਉਦੇਸ਼ਾਂ ਤਹਿਤ ਪਾਣੀ ਦੀ ਮੰਗ ਵਿੱਚ ਤੇਜ਼ੀ ਨਾਲ ਵਾਧਾ ਹੋਇਆ। ਨਤੀਜੇ ਵਜੋਂ ਸੂਬੇ ਦੇ ਉਪਲਬਧ ਜਲ ਸਰੋਤਾਂ ਦੀ ਬਹੁਤ ਜ਼ਿਆਦਾ ਵਰਤੋਂ ਹੋਣਾ ਸੁਭਾਵਿਕ ਸੀ। ਸਮੇਂ ਦੇ ਨਾਲ ਪੰਜਾਬ ਦੀ ਖੇਤੀ ਦੋ ਫ਼ਸਲਾਂ-ਕਣਕ ਅਤੇ ਝੋਨੇ ਤੱਕ ਹੀ ਸੀਮਤ ਹੋ ਗਈ। ਲੰਮੇ ਸਮੇਂ ਤੋਂ ਕਣਕ-ਝੋਨੇ ਦੀਆਂ ਫ਼ਸਲਾਂ ਦੀ ਬਿਜਾਈ ਨੇ ਸੂਬੇ ਵਿੱਚ ਉਪਲਬਧ ਪਾਣੀ ਦੇ ਸਰੋਤਾਂ ਵਿੱਚ ਗੰਭੀਰ ਅਸੰਤੁਲਨ ਪੈਦਾ ਕਰ ਦਿੱਤਾ ਹੈ। ਪੰਜਾਬ ਵਿੱਚ



ਮੌਜੂਦਾ ਫ਼ਸਲੀ ਚੱਕਰ ਦੇ ਮੱਦੇਨਜ਼ਰ ਪਾਣੀ ਦੀ ਮੰਗ 4.68 ਮਿਲੀਅਨ ਹੈਕਟੇਅਰ ਮੀਟਰ ਹੈ ਜਦੋਂ ਕਿ ਉਪਲਬਧਤਾ 3.08 ਮਿਲੀਅਨ ਹੈਕਟੇਅਰ ਮੀਟਰ ਹੀ ਹੈ। ਇਸ ਦੇ ਨਤੀਜੇ ਵਜੋਂ ਸੂਬੇ ਵਿੱਚ ਹਰ ਸਾਲ 1.6 ਮਿਲੀਅਨ ਹੈਕਟੇਅਰ ਮੀਟਰ ਪਾਣੀ ਦੀ ਘਾਟ ਹੁੰਦੀ ਹੈ। ਇਸ ਘਾਟ ਦੀ ਪੂਰਤੀ ਟਿਊਬਵੈੱਲਾਂ ਅਤੇ ਖੂਹਾਂ ਰਾਹੀਂ ਧਰਤੀ ਹੇਠਲੇ ਪਾਣੀ ਦੇ ਭੰਡਾਰਾਂ ਦੀ ਵਰਤੋਂ ਕਰ ਕੇ ਕੀਤੀ ਜਾਂਦੀ ਹੈ।

ਪਿਛਲੇ ਸਮੇਂ ਤੋਂ ਸੂਬੇ ਵਿੱਚ ਖੇਤੀ ਲਈ ਜ਼ਮੀਨ ਹੇਠਲੇ ਪਾਣੀ ਦੀ ਵਰਤੋਂ ਵਿੱਚ ਵਾਧਾ ਚਰਚਾ ਵਿੱਚ ਹੈ ਅਤੇ ਇਸ ਵਿੱਚ ਕਮੀ ਲਿਆਉਣ ਤੇ ਸਾਂਭ ਸੰਭਾਲ ਲਈ ਫ਼ਸਲੀ ਵੰਨ-ਸੁਵੰਨਤਾ, ਝੋਨੇ ਦੀ ਸਿੱਧੀ ਬਿਜਾਈ, ਝੋਨੇ ਦੀ ਲੇਟ ਲੁਆਈ ਕਰਨਾ, ਘੱਟ ਪਾਣੀ ਨਾਲ ਚੱਲਣ ਵਾਲੀਆਂ ਫ਼ਸਲਾਂ ਦੀ ਬਿਜਾਈ ਕਰਨਾ ਆਦਿ ਕਈ ਤਰ੍ਹਾਂ ਦੇ ਸੁਝਾਅ ਦਿੱਤੇ ਜਾਂਦੇ ਹਨ। ਸੂਬੇ ਵਿੱਚ ਖੇਤੀ ਲਈ ਪਾਣੀ ਦੀ ਵਰਤੋਂ ਅਤੇ ਪਾਣੀ ਦੀ ਮੰਗ 'ਤੇ ਨਿਯੰਤਰਣ ਕਰਨ ਲਈ ਕਿਸੇ ਵੀ ਯੋਜਨਾਬੱਧ ਨੀਤੀ ਦੀ ਅਣਹੋਂਦ ਕਾਰਨ ਪਿਛਲੇ ਸਮੇਂ ਦੌਰਾਨ ਜ਼ਮੀਨ ਹੇਠਲੇ ਪਾਣੀ ਦੀ ਲੋੜੋਂ ਵੱਧ ਵਰਤੋਂ ਹੋਈ ਹੈ, ਜਿਸ ਕਰਕੇ ਇਸ ਦਾ ਪੱਧਰ ਹੁਣ ਖ਼ਤਰੇ ਦੀ ਹੱਦ ਤੱਕ ਹੇਠਾਂ ਚਲਾ ਗਿਆ ਹੈ। ਨਤੀਜੇ ਵਜੋਂ ਅੱਜਕੱਲ੍ਹ ਸੂਬੇ ਦੇ 80-90 ਫ਼ੀਸਦੀ ਬਲਾਕ (block) ਵੱਧ ਸ਼ੋਸ਼ਣ ਵਾਲੇ ਵਰਗ ਵਿੱਚ ਆ ਗਏ ਹਨ। ਇਸ ਤਰ੍ਹਾਂ ਧਰਤੀ ਹੇਠਲੇ ਪਾਣੀ ਦੀ ਦੁਰਵਰਤੋਂ ਅਤੇ ਨਹਿਰੀ ਪਾਣੀ ਦਾ ਘਟਿਆ ਹਿੱਸਾ ਪੰਜਾਬ ਦੀ ਆਰਥਿਕਤਾ ਦੇ ਇੱਕੋ-ਇੱਕ ਸਰੋਤ ਨੂੰ ਬੁਰੀ ਤਰ੍ਹਾਂ ਖ਼ਤਮ ਕਰ ਰਿਹਾ ਹੈ। ਇਹ ਡਰ ਵੀ ਸਤਾ ਰਿਹਾ ਹੈ ਅਤੇ ਕਿਹਾ ਵੀ ਜਾ ਰਿਹਾ ਹੈ ਕਿ ਜੇਕਰ ਪਾਣੀ ਦੀ ਵਰਤੋਂ ਇਸੇ ਤਰ੍ਹਾਂ ਜਾਰੀ ਰਹੀ ਤਾਂ ਪੰਜਾਬ ਵਿੱਚ ਧਰਤੀ ਹੇਠਲਾ ਪਾਣੀ ਬਹੁਤ ਜਲਦੀ ਖ਼ਤਮ ਹੋ ਜਾਵੇਗਾ ਅਤੇ ਪੰਜਾਬ ਦੀ ਧਰਤੀ ਰੇਗਿਸਤਾਨ ਬਣ ਜਾਵੇਗੀ। ਸੂਬੇ ਵਿੱਚ ਪਾਣੀ ਦੀ ਸਪਲਾਈ ਵਿੱਚ ਵਾਧਾ ਕਰਨਾ ਲਗਪਗ ਨਾਮੁਮਕਿਨ ਹੈ। ਸਿਰਫ਼ ਇਸ ਦੀ ਸੁਚੱਜੀ ਵਰਤੋਂ ਸੰਬੰਧੀ ਨੀਤੀ ਲਾਗੂ ਕਰਕੇ ਹੀ ਪਾਣੀ ਦੀ ਮੰਗ ਘਟਾਈ ਤੇ ਵਰਤੋਂ ਨਿਯੰਤਰਿਤ ਕੀਤੀ ਜਾ ਸਕਦੀ ਹੈ। ਸੂਬੇ ਵਿੱਚ 1960ਵਿਆਂ ਤੇ 1970ਵਿਆਂ ਵਿੱਚ ਕਣਕ, ਮੱਕੀ, ਦਾਲਾਂ ਅਤੇ ਸਬਜ਼ੀਆਂ ਵਰਗੀਆਂ ਫ਼ਸਲਾਂ ਉਗਾਈਆਂ ਜਾਂਦੀਆਂ ਸਨ। ਪਰ ਹੁਣ ਸਾਉਣੀ ਦੀ ਫ਼ਸਲ ਦੌਰਾਨ ਹੌਲੀ-ਹੌਲੀ ਫ਼ਸਲੀ ਖੇਤਰ ਦਾ ਲਗਭਗ 80 ਫ਼ੀਸਦੀ



ਡਾ. ਕੇਸਰ ਸਿੰਘ ਭੰਗੂ
ਸਾਬਕਾ ਡੀਨ ਅਤੇ ਪ੍ਰੋਫੈਸਰ,
ਪੰਜਾਬੀ ਯੂਨੀਵਰਸਿਟੀ, ਪਟਿਆਲਾ
ਮੋਬਾਇਲ : 98154-27127

ਤੋਂ ਵੱਧ ਝੋਨੇ ਹੇਠ ਆ ਗਿਆ ਹੈ। ਝੋਨੇ ਦੀ ਫ਼ਸਲ ਸਭ ਤੋਂ ਵੱਧ ਪਾਣੀ ਲੈਂਦੀ ਹੈ। ਇਸ ਵਿੱਚ ਪ੍ਰਤੀ ਹੈਕਟੇਅਰ ਲਗਭਗ 24 ਹਜ਼ਾਰ ਘਣ ਮੀਟਰ ਪਾਣੀ ਦੀ ਵਰਤੋਂ ਕੀਤੀ ਜਾਂਦੀ ਹੈ, ਜੋ ਮੱਕੀ ਦੀ ਫ਼ਸਲ ਦੇ ਮੁਕਾਬਲੇ ਲਗਭਗ 6 ਗੁਣਾ, ਮੂੰਗਫਲੀ ਤੋਂ 20 ਗੁਣਾ ਤੇ ਦਾਲਾਂ ਤੋਂ ਲਗਭਗ 10 ਗੁਣਾ ਵੱਧ ਹੈ। ਇਸ ਲਈ ਸੂਬੇ ਦੇ ਜਲ ਸਰੋਤਾਂ ਨੂੰ ਬਚਾਉਣ ਲਈ ਫ਼ਸਲੀ ਚੱਕਰ ਨੂੰ ਬਦਲਣ ਦੀ ਲੋੜ ਹੈ। ਨਾਲ ਹੀ ਧਰਤੀ ਹੇਠਲੇ ਪਾਣੀ 'ਤੇ ਬੋਝ ਘਟਾਉਣ ਲਈ ਨਹਿਰੀ ਸਿੰਜਾਈ ਸਿਸਟਮ ਨੂੰ ਮਜ਼ਬੂਤ ਤੇ ਦਰੁਸਤ ਕਰਨਾ ਪਵੇਗਾ।

ਧਰਤੀ ਹੇਠਲੇ ਪਾਣੀ 'ਤੇ ਬੋਝ ਘਟਾਉਣ ਲਈ ਸੂਬੇ ਵਿੱਚ ਉਪਲਬਧ ਦਰਿਆਵਾਂ ਅਤੇ ਨਦੀਆਂ ਦੇ ਪਾਣੀਆਂ ਦੀ ਸੁਚੱਜੀ ਵਰਤੋਂ ਤੇ ਸਹੀ ਵੰਡ ਪ੍ਰਣਾਲੀ 'ਤੇ ਵਧੇਰੇ ਜ਼ੋਰ ਦੇਣ ਦੀ ਲੋੜ ਹੈ। ਪੰਜਾਬ ਨੂੰ ਧਰਤੀ ਹੇਠਲੇ ਪਾਣੀ ਦੇ ਸਰੋਤਾਂ ਅਤੇ ਬਿਜਲੀ ਦੀ ਖਪਤ ਘਟਾਉਣ ਲਈ ਇਸ ਦੇ ਦਰਿਆਈ ਪਾਣੀਆਂ ਵਿੱਚ ਵੱਧ ਹਿੱਸਾ ਦੇਣ ਦੀ ਲੋੜ ਹੈ। ਸੂਬਾ ਲਗਭਗ ਸਾਲਾਨਾ 21 ਬਿਲੀਅਨ ਕਿਊਬਿਕ ਮੀਟਰ ਪਾਣੀ ਦੂਜੇ ਸੂਬਿਆਂ ਨੂੰ ਦਿੰਦਾ ਹੈ। ਇਸ ਲਈ ਪੰਜਾਬ ਨੂੰ ਕੇਂਦਰ ਸਰਕਾਰ ਜਾਂ ਪਾਣੀ ਲੈਣ ਵਾਲੇ ਸੂਬਿਆਂ ਜਾਂ ਦੋਹਾਂ ਨੂੰ ਮਿਲ ਕੇ ਉਚਿਤ ਵਿੱਤੀ ਮੁਆਵਜ਼ਾ ਦੇਣ ਦਾ ਪ੍ਰਬੰਧ ਕੀਤਾ ਜਾਣਾ ਚਾਹੀਦਾ ਹੈ, ਜਿਸ ਤਰ੍ਹਾਂ ਖਣਿਜ ਭੰਡਾਰਾਂ ਵਾਲੇ ਰਾਜਾਂ ਨੂੰ ਕੋਲੇ ਜਾਂ ਬਾਕਸਾਈਟ ਆਦਿ ਲਈ ਦਿੱਤੇ ਜਾਂਦੇ ਹਨ। ਇਸ ਮੁਆਵਜ਼ੇ ਦੀ ਵਰਤੋਂ ਪੰਜਾਬ ਸਰਕਾਰ ਵੱਲੋਂ ਪਾਣੀ ਦੇ ਸਰੋਤਾਂ ਦੇ ਰੱਖ-ਰਖਾਅ ਅਤੇ ਸੰਭਾਲ ਲਈ ਕੀਤੀ ਜਾਣੀ ਚਾਹੀਦੀ ਹੈ।

ਪੰਜਾਬ ਦਾ ਨਹਿਰੀ ਸਿੰਜਾਈ ਸਿਸਟਮ ਪੰਜਾਹ ਸਾਲ ਤੋਂ ਵੱਧ ਪੁਰਾਣਾ ਹੈ। ਇਹ ਸਿਸਟਮ ਅੱਜ ਦੀਆਂ ਲੋੜਾਂ ਪੂਰੀਆਂ ਕਰਨ ਤੋਂ ਅਸਮਰੱਥ ਹੈ। ਵੱਡੇ ਪੱਧਰ 'ਤੇ ਇਸ ਸਿਸਟਮ ਵਿੱਚ ਸੁਧਾਰ ਦੀ ਲੋੜ ਹੈ। ਸੂਬੇ ਵਿੱਚ ਖੇਤੀ ਲਈ ਪਾਣੀ ਦੀ ਵਰਤੋਂ ਲਈ ਮਾਲੀਆ ਨਾਂਮਾਤਰ ਅਤੇ ਨਾਕਾਫ਼ੀ ਹੈ ਕਿਉਂਕਿ ਇਸ ਨਾਲ ਨਹਿਰਾਂ, ਰਜਬਾਹਿਆਂ, ਖਾਲਾਂ ਆਦਿ ਦੀ ਮੁਰੰਮਤ ਅਤੇ ਮਜ਼ਦੂਰਾਂ ਦੀ ਦਿਹਾੜੀ ਵੀ ਪੂਰੀ ਨਹੀਂ ਹੁੰਦੀ। ਨਤੀਜੇ ਵਜੋਂ ਨਹਿਰੀ ਸਿੰਜਾਈ ਸਿਸਟਮ ਦੇ ਤਸੱਲੀਬਖ਼ਸ਼ ਅਤੇ ਢੁੱਕਵੇਂ ਰੱਖ-ਰਖਾਅ ਨੂੰ ਯਕੀਨੀ ਬਣਾਉਣਾ ਅਸੰਭਵ ਹੋ ਜਾਂਦਾ ਹੈ। ਪੰਜਾਬ ਵਿੱਚ ਨਹਿਰੀ ਸਿੰਚਾਈ ਦੀ ਦੁਰਦਸ਼ਾ ਸਾਫ਼ ਦਿਸਦੀ ਹੈ। ਕੇਂਦਰੀ ਖ਼ੁਰਾਕ ਭੰਡਾਰ ਵਿੱਚ ਸੂਬੇ ਵੱਲੋਂ ਪਾਏ ਜਾਂਦੇ ਅਹਿਮ ਯੋਗਦਾਨ ਦੇ ਮੱਦੇਨਜ਼ਰ ਸੂਬੇ ਦੀ ਸਿੰਜਾਈ ਪ੍ਰਣਾਲੀ ਦੇ ਨਵੀਨੀਕਰਨ ਅਤੇ ਵਿਸਥਾਰ ਲਈ ਕੇਂਦਰ ਸਰਕਾਰ ਵੱਲੋਂ ਵਿਸ਼ੇਸ਼ ਵਿੱਤੀ ਪੈਕੇਜ ਦਿੱਤਾ ਜਾਣਾ ਚਾਹੀਦਾ ਹੈ।

ਉਪਰੋਕਤ ਸੁਝਾਏ ਵਿਸ਼ੇਸ਼ ਵਿੱਤੀ ਪੈਕੇਜ ਅਤੇ ਇਕੱਤਰ ਮਾਲੀਏ ਨਾਲ ਪੰਜਾਬ ਦੇ ਨਹਿਰੀ ਸਿੰਜਾਈ ਪ੍ਰਣਾਲੀ ਦੇ ਤਿੰਨ ਪ੍ਰਮੁੱਖ ਖੇਤਰਾਂ ਵਿੱਚ ਸੁਧਾਰ ਲਿਆਂਦਾ ਜਾ ਸਕਦਾ ਹੈ। ਇਨ੍ਹਾਂ ਵਿੱਚ ਪਹਿਲੇ ਸਥਾਨ 'ਤੇ ਸੂਬੇ ਦੀ ਨਹਿਰੀ ਪ੍ਰਣਾਲੀ ਦਾ ਪੁਨਰ ਨਿਰਮਾਣ ਤੇ ਨਵੀਨੀਕਰਨ, ਦੂਜੇ 'ਤੇ ਸਿੰਜਾਈ ਲਈ ਪਾਣੀ ਦਾ ਸੁਚੱਜਾ ਪ੍ਰਬੰਧਨ ਅਤੇ ਤੀਜੇ ਸਥਾਨ 'ਤੇ ਢੁਕਵੀਂ ਤੇ ਕਾਰਗਰ ਸਿੰਜਾਈ ਨੀਤੀ ਬਣਾਉਣਾ ਸ਼ਾਮਿਲ ਹੈ। ਇਨ੍ਹਾਂ ਸਥਾਨਾਂ ਨਾਲ ਸੂਬੇ ਦੀ ਨਹਿਰੀ ਸਿੰਜਾਈ ਨੀਤੀ ਅਤੇ ਪੰਜਾਬ ਦੇ ਸੰਸਥਾਗਤ ਸੁਧਾਰਾਂ ਵਿੱਚ ਹਿੱਸੇਦਾਰ ਲੋਕਾਂ, ਖ਼ਾਸ ਕਰ ਕੇ ਕਿਸਾਨਾਂ ਦਾ ਭਰੋਸਾ ਬਹਾਲ ਕਰਵਾਇਆ ਜਾ ਸਕਦਾ ਹੈ। ਇਸ ਦੇ ਨਾਲ ਹੀ ਇਸ ਸੰਬੰਧ ਵਿੱਚ ਸਭ ਤੋਂ ਪਹਿਲਾਂ ਸਿੰਜਾਈ ਦੇ ਪਾਣੀ ਦੀ ਮਿਕਦਾਰ ਮੁਤਾਬਿਕ ਕੀਮਤ ਲਾਗੂ ਕਰ ਕੇ ਆਰਥਿਕ ਲਾਭ ਵਿੱਚ ਤਬਦੀਲ ਕੀਤਾ ਜਾਣਾ ਚਾਹੀਦਾ ਹੈ। ਦੂਜਾ, ਹਿੱਸੇਦਾਰਾਂ ਦੀ ਭਾਗੀਦਾਰੀ ਅਤੇ ਸਥਾਨਕ ਲੋਕਾਂ ਨੂੰ ਨਹਿਰੀ ਸਿੰਜਾਈ ਸਿਸਟਮ ਵਿੱਚ ਤਾਕਤਾਂ ਅਤੇ ਜ਼ਿੰਮੇਵਾਰੀ ਦੇ ਕੇ ਨਹਿਰੀ ਸਿੰਜਾਈ ਸਿਸਟਮ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਵਿੱਚ ਮਦਦ ਮਿਲੇਗੀ। ਤੀਜਾ, ਮੌਜੂਦਾ ਸਮੇਂ ਵਿੱਚ ਸਿੰਜਾਈ ਦੇ ਮਾਮਲਿਆਂ ਵਿੱਚ ਸਥਾਨਕ ਸੰਸਥਾਵਾਂ ਨੂੰ ਬਾਈਪਾਸ ਕੀਤਾ ਜਾਂਦਾ ਹੈ। ਇਸ ਲਈ ਇਸ ਪ੍ਰਕਿਰਿਆ ਵਿੱਚ ਪੰਚਾਇਤੀ ਰਾਜ ਸੰਸਥਾਵਾਂ ਨੂੰ ਸ਼ਾਮਲ ਕਰਨ ਦੀ ਫੌਰੀ ਲੋੜ ਹੈ। ਚੌਥਾ, ਸੰਸਥਾਗਤ ਸੁਧਾਰਾਂ ਦੀ ਪੂਰੀ ਪ੍ਰਕਿਰਿਆ ਵਿੱਚ ਵਾਤਾਵਰਨ ਸੰਬੰਧੀ ਚਿੰਤਾਵਾਂ ਨੂੰ ਧਿਆਨ ਵਿੱਚ ਰੱਖਿਆ ਜਾਣਾ ਚਾਹੀਦਾ ਹੈ। ਅੰਤ ਵਿੱਚ, ਵੰਡ ਦੇ ਪਹਿਲੂਆਂ ਨੂੰ ਸਮਾਜ ਦੇ ਸਾਰੇ ਹਿੱਸੇਦਾਰਾਂ ਲਈ ਪਾਣੀ 'ਤੇ ਬਰਾਬਰ ਅਧਿਕਾਰਾਂ ਦੇ ਰੂਪ ਵਿੱਚ ਜ਼ਰੂਰੀ ਤੌਰ 'ਤੇ ਰੱਖਿਆ ਜਾਣਾ ਚਾਹੀਦਾ ਹੈ। ਨੀਤੀਗਤ ਢਾਂਚੇ ਨੂੰ ਨਹਿਰੀ ਸਿੰਜਾਈ ਤੋਂ ਬਹੁਤ ਪਰ੍ਹੇ ਜਾਣ ਦੀ ਲੋੜ ਹੈ ਅਤੇ ਇਸ ਨੂੰ ਕੁੱਲ ਸਿੰਜਾਈ ਨੂੰ ਇੱਕ ਪ੍ਰਣਾਲੀ ਦੇ ਤੌਰ 'ਤੇ ਵਿਚਰਨਾ ਚਾਹੀਦਾ ਹੈ, ਜਿਸ ਵਿੱਚ ਜ਼ਮੀਨੀ ਪਾਣੀ ਦੇ ਸਰੋਤ, ਨਵੇਂ ਟਿਊਬਵੈੱਲ, ਬਿਜਲੀ ਕੁਨੈਕਸ਼ਨਾਂ ਦੀ ਸਮਾਨ ਵੰਡ, ਬਿਜਲੀ ਦੀ ਕੀਮਤ, ਫ਼ਸਲੀ ਵਿਭਿੰਨਤਾ, ਡੀਜ਼ਲ ਦੀਆਂ ਕੀਮਤਾਂ ਅਤੇ ਵਾਤਾਵਰਨ ਸੰਬੰਧੀ ਹੋਰ ਮੁੱਦਿਆਂ ਨੂੰ ਸ਼ਾਮਿਲ ਕੀਤਾ ਜਾਣਾ ਚਾਹੀਦਾ ਹੈ।

ਸੂਬੇ ਵਿੱਚ ਧਰਤੀ ਹੇਠਲੇ ਪਾਣੀ ਦੀ ਵੱਧ ਰਹੀ ਵਰਤੋਂ/ਦੁਰਵਰਤੋਂ ਦੀ ਚਿੰਤਾਜਨਕ ਸਥਿਤੀ ਨੂੰ ਧਿਆਨ ਵਿੱਚ ਰੱਖਦੇ ਹੋਏ, ਖੇਤੀਬਾੜੀ ਦੇ ਪੰਪ ਸੈੱਟਾਂ ਲਈ ਬਿਜਲੀ ਕੁਨੈਕਸ਼ਨ ਜਾਰੀ ਕਰਨ ਨੂੰ ਨਿਯਮਤ ਕਰਨ ਲਈ ਇੱਕ ਢੁਕਵੀਂ ਨੀਤੀ ਬਣਾਉਣ ਦੀ ਲੋੜ ਹੈ। ਸੇਮ ਘਟਾਉਣ ਲਈ ਡਰੇਨੇਜ ਸਿਸਟਮ ਵਿਕਸਿਤ ਕਰਨ ਦੀ ਲੋੜ ਹੈ। ਮੱਛੀ ਪਾਲਣ, ਬਾਗਬਾਨੀ ਅਤੇ ਐਗਰੋ-ਫੋਰੈਸਟਰੀ ਟ੍ਰੀਜ਼ (ਬਾਇਓ-ਡਰੇਨੇਜ) ਨਾਲ ਤਲਾਬਾਂ ਨੂੰ ਸ਼ਾਮਲ ਕਰਨ ਵਾਲੇ ਖ਼ਾਰੇ ਪਾਣੀ ਵਾਲੇ ਭੂਮੀਗਤ ਖੇਤਰਾਂ ਦੇ ਪ੍ਰਬੰਧਨ ਲਈ ਏਕੀਕ੍ਰਿਤ ਖੇਤੀ ਪ੍ਰਣਾਲੀਆਂ ਤੇ ਪ੍ਰਾਜੈਕਟ ਲਾਗੂ ਕਰਨ ਦੀ ਲੋੜ ਹੈ। ਪੰਜਾਬ ਦੇ ਖ਼ਾਰੇ ਪਾਣੀ ਵਾਲੇ ਖੇਤਰਾਂ ਲਈ ਨਮਕ ਰੋਧਕ ਫ਼ਸਲਾਂ/ਰੁੱਖਾਂ ਦੀਆਂ ਕਿਸਮਾਂ ਵਿਕਸਿਤ ਕੀਤੀਆਂ ਜਾਣੀਆਂ ਚਾਹੀਦੀਆਂ ਹਨ।

ਪਾਣੀ ਦੇ ਕੀਮਤੀ ਸੋਮਿਆਂ ਨੂੰ ਬਚਾਉਣ ਲਈ ਸੂਬੇ ਦੇ ਫ਼ਸਲੀ ਚੱਕਰ ਨੂੰ ਬਦਲਣਾ ਸਮੇਂ ਦੀ ਲੋੜ ਹੈ। ਲੰਮੇ ਸਮੇਂ ਵਿੱਚ ਪਾਣੀ ਦੇ ਸੰਤੁਲਨ ਨੂੰ ਬਹਾਲ ਕਰਨ ਲਈ ਝੋਨੇ ਹੇਠ ਰਕਬਾ ਘਟਾਉਣ ਲਈ ਬਦਲਵੀਆਂ ਫ਼ਸਲਾਂ ਦੀ ਸ਼ੁਰੂਆਤ ਕਰਨ ਦਾ ਇਹ ਉਚਿਤ ਸਮਾਂ ਹੈ। ਬਦਲਵੀਆਂ ਫ਼ਸਲਾਂ (ਮੂੰਗਫਲੀ, ਮੱਕੀ, ਦਾਲਾਂ, ਅਰਹਰ ਅਤੇ ਮੂੰਗ) ਨੂੰ ਝੋਨੇ ਨਾਲ ਮੁਕਾਬਲਾ ਕਰਨਾ ਪੈਣਾ ਹੈ। ਪਾਣੀ ਦੀ ਬੱਚਤ ਤੋਂ ਇਲਾਵਾ ਸੂਬੇ ਨੂੰ ਲੰਮੇ ਸਮੇਂ ਵਿੱਚ ਮਿੱਟੀ ਦੀ ਉਪਜਾਊ ਤਾਕਤ ਵਿੱਚ ਵਾਧਾ ਕਰਨ, ਸਵੱਛਤਾ ਤੇ ਸਿਹਤ ਵਿੱਚ ਸੁਧਾਰ, ਵਾਤਾਵਰਨ ਵਿੱਚ ਸੁਧਾਰ ਅਤੇ ਬਿਜਲੀ ਦੀ ਬੱਚਤ ਦੇ ਰੂਪ ਵਿੱਚ ਲਾਭ ਹੋਵੇਗਾ।

ਸੰਖੇਪ ਰੂਪ ਵਿੱਚ ਅਸੀਂ ਕਹਿ ਸਕਦੇ ਹਾਂ ਕਿ ਸਿੰਜਾਈ ਦੇ ਪੰਜਾਬ ਮਾਡਲ ਨੇ ਖੇਤਰ ਦੇ ਵਾਤਾਵਰਨ, ਖ਼ਾਸ ਤੌਰ 'ਤੇ ਜਲ ਸਰੋਤਾਂ ਨੂੰ ਵਿਗਾੜ ਦਿੱਤਾ ਹੈ। ਇਸ ਦੇ ਨਤੀਜੇ ਧਰਤੀ ਹੇਠਲੇ ਪਾਣੀ ਦੇ ਘਟਣ, ਵਿਆਪਕ ਪੱਧਰ 'ਤੇ ਫੈਲੇ ਖ਼ਾਰੇਪਣ, ਪਾਣੀ ਦੀ ਘਟਦੀ ਗੁਣਵੱਤਾ ਅਤੇ ਖ਼ਾਸ ਕਿਸਮ ਦੀਆਂ ਬਿਮਾਰੀਆਂ ਦੇ ਰੂਪ ਵਿੱਚ ਦਿਖਾਈ ਦੇਣ ਲੱਗੇ ਹਨ। ਸਪੱਸ਼ਟ ਤੌਰ 'ਤੇ ਪਿਛਲੇ ਸਾਲਾਂ ਦੌਰਾਨ ਜਲ ਸਰੋਤਾਂ ਦੇ ਵਿਕਾਸ ਅਤੇ ਪ੍ਰਬੰਧਨ ਵਿੱਚ ਕਈ ਮੁੱਦੇ ਅਤੇ ਚੁਣੌਤੀਆਂ ਸਾਹਮਣੇ ਆਈਆਂ ਹਨ। ਇਨ੍ਹਾਂ ਸਾਰੀਆਂ ਚਿੰਤਾਵਾਂ ਨੂੰ ਵਿਗਿਆਨ ਅਤੇ ਤਕਨਾਲੋਜੀ ਵਿੱਚ ਉੱਭਰਦੀਆਂ ਖੋਜਾਂ ਨੂੰ ਅਪਣਾ ਕੇ ਇੱਕ ਨਵੀਂ ਪਹੁੰਚ ਦੀ ਦ੍ਰਿਸ਼ਟੀ ਨਾਲ ਸਾਂਝੀਆਂ ਨੀਤੀਆਂ ਅਤੇ ਰਣਨੀਤੀਆਂ ਦੇ ਆਧਾਰ 'ਤੇ ਹੱਲ ਕਰਨ ਦੀ ਲੋੜ ਹੈ।

# ਬਿਮਾਰੀਆਂ ਤੋਂ ਬਚਾਅ ਲਈ ਦੁਧਾਰੂ ਪਸ਼ੂਆਂ ਦਾ ਸੁਚੱਜਾ ਪ੍ਰਬੰਧ

ਮਧੂ ਸ਼ੈਲੀ ਅਤੇ ਗੁਰੰਸ਼ਪ੍ਰੀਤ ਸੇਠੀ, ਡਾਇਰੈਕਟੋਰੇਟ ਪਸਾਰ ਸਿਖਿਆ
ਮੋਬਾਇਲ : 96434-42427

ਜਾਨਵਰਾਂ ਦੇ ਢਾਰਿਆਂ ਨੂੰ ਕੀਟਾਣੂੰ-ਰਹਿਤ ਕਰਨ ਦਾ ਪਹਿਲਾ ਕਦਮ ਸਾਰੀ ਗੰਦਗੀ ਨੂੰ ਹਟਾਉਣਾ ਹੈ, ਕਿਉਂਕਿ ਜੈਵਿਕ ਪਦਾਰਥਾਂ ਦੀ ਮੌਜੂਦਗੀ ਵਿੱਚ ਕੀਟਾਣੂੰ ਨਾਸ਼ਕ ਦੀ ਸ਼ਕਤੀ ਬਹੁਤ ਘੱਟ ਜਾਂਦੀ ਹੈ। ਪਾਣੀ ਦੀਆਂ ਖੁਰਲੀਆਂ ਅਤੇ ਖੁਰਲੀਆਂ ਦੇ ਅੰਦਰਲੇ ਹਿੱਸੇ ਨੂੰ ਸਫੈਦ ਕੀਤਾ ਜਾਣਾ ਚਾਹੀਦਾ ਹੈ। (ਇਹ ਪੰਦਰਵਾੜੇ ਦੇ ਅੰਤਰਾਲਾਂ 'ਤੇ ਵੀ ਨਿਯਮਤ ਤੌਰ 'ਤੇ ਕੀਤਾ ਜਾ ਸਕਦਾ ਹੈ)।

ਆਮ ਤੌਰ ਤੇ ਪਸ਼ੂ ਘਰਾਂ ਨੂੰ ਰੋਜ਼ਾਨਾ ਸਾਫ਼ ਕਰਨਾ, ਧੋਣਾ ਅਤੇ ਅੰਦਰ ਆਉਣ ਵਾਲੀ ਸੂਰਜ ਦੀ ਰੋਸ਼ਨੀ ਆਦਿ ਢਾਰਿਆਂ ਨੂੰ ਮੱਧਮ ਤੌਰ 'ਤੇ ਕੀਟਾਣੂ-ਮੁਕਤ ਰੱਖਣ ਲਈ ਕਾਫ਼ੀ ਹੈ। ਪਰ ਜਦੋਂ ਕੋਈ ਬਿਮਾਰੀ ਫੈਲ ਜਾਂਦੀ ਹੈ ਤਾਂ ਕੀਟਾਣੂੰ ਨਾਸ਼ਕ ਵਰਤਣਾ (ਸਹੀ ਮਾਤਰਾ ਵਿੱਚ) ਜ਼ਰੂਰੀ ਹੁੰਦਾ ਹੈ। ਸਾਰੇ ਫ਼ਰਸ਼ਾਂ, 1.5 ਮੀਟਰ ਦੀ ਉਚਾਈ ਤੱਕ ਦੀਵਾਰਾਂ, ਖੁਰਲੀਆਂ ਦੇ ਅੰਦਰਲੇ ਹਿੱਸੇ, ਪਾਣੀ ਦੀਆਂ ਖੁਰਲੀਆਂ ਅਤੇ ਜਾਨਵਰਾਂ ਦੇ ਸੰਪਰਕ ਵਿੱਚ ਆਉਣ ਵਾਲੀਆਂ ਹੋਰ ਫਿਟਿੰਗਾਂ ਅਤੇ ਉਪਕਰਨਾਂ ਨੂੰ ਰੋਗਾਣੂੰ ਮੁਕਤ ਕੀਤਾ ਜਾਣਾ ਚਾਹੀਦਾ ਹੈ।

ਜਾਨਵਰਾਂ ਦੇ ਢਾਰਿਆਂ ਨੂੰ ਕੀਟਾਣੂੰ-ਰਹਿਤ ਕਰਨ ਦਾ ਪਹਿਲਾ ਕਦਮ ਸਾਰੀ ਗੰਦਗੀ ਨੂੰ ਹਟਾਉਣਾ ਹੈ, ਕਿਉਂਕਿ ਜੈਵਿਕ ਪਦਾਰਥਾਂ ਦੀ ਮੌਜੂਦਗੀ ਵਿੱਚ ਕੀਟਾਣੂੰ ਨਾਸ਼ਕ ਦੀ ਸ਼ਕਤੀ ਬਹੁਤ ਘੱਟ ਜਾਂਦੀ ਹੈ। ਪਾਣੀ ਦੀਆਂ ਖੁਰਲੀਆਂ ਅਤੇ ਖੁਰਲੀਆਂ ਦੇ ਅੰਦਰਲੇ ਹਿੱਸੇ ਨੂੰ ਸਫੈਦ ਕੀਤਾ ਜਾਣਾ ਚਾਹੀਦਾ ਹੈ। (ਇਹ ਪੰਦਰਵਾੜੇ ਦੇ ਅੰਤਰਾਲਾਂ 'ਤੇ ਵੀ ਨਿਯਮਤ ਤੌਰ 'ਤੇ ਕੀਤਾ ਜਾ ਸਕਦਾ ਹੈ)। ਛੂਤ ਦੀਆਂ ਬਿਮਾਰੀਆਂ ਨਾਲ ਮਰਨ ਵਾਲੇ ਜਾਨਵਰਾਂ ਦੀਆਂ ਲਾਸ਼ਾਂ ਦਾ ਸਹੀ ਨਿਪਟਾਰਾ ਕਰੋ ਤਾਂ ਜੋ ਦੂਜੇ ਜਾਨਵਰਾਂ ਅਤੇ ਮਨੁੱਖਾਂ ਵਿੱਚ ਬਿਮਾਰੀਆਂ ਨੂੰ ਫੈਲਣ ਤੋਂ ਰੋਕਿਆ ਜਾ ਸਕੇ। ਛੂਤ ਦੀ ਬਿਮਾਰੀ ਨਾਲ ਮਰੇ ਜਾਨਵਰ ਨੂੰ ਸ਼ੈੱਡਾਂ ਵਿੱਚ ਜ਼ਿਆਦਾ ਦੇਰ ਨਹੀਂ ਰਹਿਣ ਦਿੱਤਾ ਜਾਣਾ ਚਾਹੀਦਾ ਕਿਉਂਕਿ ਕੱਟਣ ਵਾਲੇ ਕੀੜੇ, ਚੂਹੇ ਆਦਿ ਇਸ ਤੱਕ ਪਹੁੰਚ ਸਕਦੇ ਹਨ। ਸਾਰੀਆਂ ਲਾਸ਼ਾਂ ਨੂੰ ਜਾਂ ਤਾਂ ਦੱਬ ਕੇ ਜਾਂ ਸਾੜ ਕੇ ਸਹੀ ਢੰਗ ਨਾਲ ਨਿਪਟਾਰਾ ਕੀਤਾ ਜਾਣਾ ਚਾਹੀਦਾ ਹੈ।



ਕਈ ਵਾਰੀ ਇੱਕ ਜਾਨਵਰ ਇੱਕ ਬਿਮਾਰੀ ਤੋਂ ਠੀਕ ਹੋ ਜਾਂਦਾ ਹੈ, ਚੰਗੀ ਸਿਹਤ ਦਿੱਖਣ ਦੇ ਬਾਵਜੂਦ ਰੋਗ ਦੇ ਕਾਰਕ ਜੀਵ ਇਸਦੇ ਟਿਸ਼ੂਆਂ ਵਿੱਚ ਰਹਿ ਜਾਂਦੇ ਹਨ। ਅਜਿਹੇ ਕੀਟਾਣੂੰ ਲਿਜਾਣ ਵਾਲੇ ਜਾਨਵਰਾਂ ਨੂੰ 'ਵਾਹਕ' (ਕੈਰੀਅਰ) ਕਿਹਾ ਜਾਂਦਾ ਹੈ। ਕੈਰੀਅਰ ਜਾਨਵਰ ਸੰਵੇਦਨਸ਼ੀਲ ਜਾਨਵਰਾਂ ਲਈ ਇੱਕ ਸੰਭਾਵੀ ਖ਼ਤਰਾ ਬਣ ਜਾਂਦੇ ਹਨ। ਆਮ ਬਿਮਾਰੀਆਂ ਜਿਨ੍ਹਾਂ ਦੇ ਵਾਹਕ ਖੇਤਾਂ ਦੇ ਜਾਨਵਰਾਂ ਵਿੱਚ ਦੇਖੇ ਗਏ ਹਨ ਉਹ ਹਨ ਟੀਬੀ, ਲੈਪਟੋਸਪਾਇਰੋਸਿਸ ਅਤੇ ਬਰੂਸੈਲੋਸਿਸ। ਝੁੰਡ ਵਿੱਚ ਬਿਮਾਰੀਆਂ ਦੇ ਕੈਰੀਅਰ ਦਾ ਪਤਾ ਲਗਾ ਕੇ ਉਨ੍ਹਾਂ ਨੂੰ ਖ਼ਤਮ ਕਰਨਾ ਚਾਹੀਦਾ ਹੈ ਤਾਂ ਜੋ ਝੁੰਡ ਬਿਮਾਰੀਆਂ ਤੋਂ ਪੂਰੀ ਤਰ੍ਹਾਂ ਮੁਕਤ ਹੋ ਸਕੇ। ਇਸ ਵਾਸਤੇ ਕੁਝ ਡਾਇਗਨੋਸਟਿਕ ਸਕ੍ਰੀਨਿੰਗ ਟੈਸਟਾਂ ਦੀ ਵਰਤੋਂ ਕੀਤੀ ਜਾ ਸਕਦੀ ਹੈ। ਆਮ ਤੌਰ 'ਤੇ ਵਰਤੇ ਜਾਣ ਵਾਲੇ ਸਕ੍ਰੀਨਿੰਗ ਟੈਸਟ ਹਨ, ਟਿਊਬਰਕਿਊਲਿਨ ਟੈਸਟ, ਜੌਨਿਨ ਟੈਸਟ, ਐਗਲੂਟੀਨੇਸ਼ਨ ਟੈਸਟ ਅਤੇ ਸਬ-ਕਲੀਨਿਕਲ ਮਾਸਟਾਈਟਸ ਦਾ ਪਤਾ ਲਗਾਉਣ ਲਈ ਟੈਸਟ। ਇਹ ਟੈਸਟ ਸਮੇਂ-ਸਮੇਂ 'ਤੇ ਝੁੰਡ ਦੇ ਸਾਰੇ ਜਾਨਵਰਾਂ 'ਤੇ ਕਰਵਾਏ ਜਾਣੇ ਚਾਹੀਦੇ ਹਨ।

ਸਹੀ ਟੀਕਾਕਰਨ ਦੁਆਰਾ ਬਿਮਾਰੀਆਂ ਨੂੰ ਕਾਬੂ ਕੀਤਾ ਜਾ ਸਕਦਾ ਹੈ। ਬਰਸਾਤ ਦੇ ਮੌਸਮ ਵਿੱਚ ਬਿਮਾਰੀ ਦਾ ਪ੍ਰਕੋਪ ਵੱਧ ਜਾਂਦਾ ਹੈ, ਸੋ ਬਰਸਾਤ ਤੋਂ ਪਹਿਲਾਂ ਹੀ ਸਹੀ ਟੀਕਾਕਰਨ ਜ਼ਰੂਰੀ ਹੈ। ਵੈਕਸੀਨ ਦੀ ਬੂਸਟਰ ਖ਼ੁਰਾਕ ਪਸ਼ੂ ਦੀ ਪ੍ਰਤੀਰੋਧਕ ਸ਼ਕਤੀ ਨੂੰ ਕਈ ਗੁਣਾ ਵਧਾਉਂਦੀ ਹੈ। ਟੀਕਾਕਰਨ ਲਈ ਟੀਕੇ ਦੀ ਸਹੀ ਸਾਂਭ-ਸੰਭਾਲ ਲਈ ਇਸਨੂੰ ਖਰੀਦਣ ਤੋਂ ਲੈ ਕੇ ਵਰਤਣ ਤੱਕ ਠੰਡੇ ਤਾਪਮਾਨ ਤੇ ਰੱਖੋ। ਵਿਗਿਆਨੀਆਂ ਅਨੁਸਾਰ ਟੀਕਾਕਰਨ ਦਾ ਗਰਭ ਉੱਤੇ ਕੋਈ ਬੁਰਾ ਅਸਰ ਨਹੀਂ ਹੈ ਅਤੇ ਦੁਧਾਰੂ ਪਸ਼ੂ ਦੇ ਟੀਕਾਕਰਨ ਨਾਲ ਦੁੱਧ ਦੀ ਪੈਦਾਵਾਰ ਤੇ ਕੋਈ ਸਿੱਧਾ ਅਸਰ ਨਹੀਂ ਹੁੰਦਾ। ਪਸ਼ੂ ਝੁੰਡ ਵਿੱਚ ਰੋਗ ਪ੍ਰਤੀਰੋਧਕਤਾ ਪ੍ਰਾਪਤ ਕਰਨ ਤੱਕ ਉੱਚ-ਘਣਤਾ ਵਾਲੇ ਪਸ਼ੂਆਂ ਦੀ ਆਬਾਦੀ ਵਿਚ ਹੀ ਟੀਕਾਕਰਨ ਕਰਨਾ ਚਾਹੀਦਾ ਹੈ।

ਬਾਕੀ ਸਫਾ 5 ਦੀ

# ਨਵੀਂ ਪੀੜ੍ਹੀ ਦਾ ਖੇਤੀ ਦੇ ਕਿੱਤੇ ਤੋਂ ਕਿਉਂ ਹੋ ਰਿਹੈ ਮੋਹ ਭੰਗ?

ਹੌਲੀ ਖ਼ਤਮ ਹੋਣ ਕਰ ਕੇ ਵੀ ਉਹ ਖੇਤੀਬਾੜੀ ਤੋਂ ਦੂਰ ਹੁੰਦੀ ਜਾ ਰਹੀ ਹੈ। ਇਸ ਵਿੱਚ ਪਰਵਾਸ ਵਾਲਾ ਕਾਰਨ ਵੀ ਜੁੜਿਆ ਹੋਇਆ ਹੈ, ਕਿਉਂਕਿ ਪਿਛਲੇ ਕੁੱਝ ਦਹਾਕਿਆਂ ਅੰਦਰ ਚੰਗਾ ਜੀਵਨ ਜਿਉਣ ਦੀ ਤਲਾਸ਼ ਵਿੱਚ, ਪੰਜਾਬ ਦੀ ਨੌਜਵਾਨੀ ਵੱਡੀ ਗਿਣਤੀ ਵਿੱਚ ਵਿਦੇਸ਼ ਪੜ੍ਹਨ ਗਈ ਹੈ। ਜਿਸ ਵਿੱਚ ਜ਼ਿਆਦਾ ਗਿਣਤੀ ਛੋਟੀ ਕਿਸਾਨੀ ਨਾਲ ਸਬੰਧਤ ਮੁੰਡੇ-ਕੁੜੀਆਂ ਦੀ ਹੈ ਜਿਨ੍ਹਾਂ ਨੂੰ ਉਨ੍ਹਾਂ ਦੇ ਮਾਪਿਆਂ ਨੇ ਨਾ ਚਾਹੁੰਦੇ ਹੋਏ ਵੀ ਆਪਣੀ ਜ਼ਮੀਨ ਵੇਚ ਕੇ ਵਿਦੇਸ਼ ਭੇਜਿਆ ਹੈ। ਹੈ, ਜਿਸ ਕਰ ਕੇ ਨਵੀਂ ਪੀੜ੍ਹੀ ਦੀਆਂ ਕੁੜੀਆਂ ਦੀ ਮਾਨਸਕਤਾ ਹੀ ਅਜਿਹੀ ਬਣ ਗਈ ਹੈ ਕਿ ਉਹ ਖੇਤੀ ਕਰਦੇ ਮੁੰਡੇ ਨਾਲ ਰਿਸ਼ਤਾ ਕਰਵਾ ਕੇ ਘੱਟ ਰਾਜ਼ੀ ਹਨ। ਅਜੋਕੇ ਮਾਪੇ ਵੀ ਨੌਕਰੀਪੇਸ਼ਾ ਜਾਂ ਵਿਦੇਸ਼ ਗਏ ਮੁੰਡੇ ਨੂੰ ਤਰਜੀਹ ਦੇਣ ਲੱਗ ਪਏ ਹਨ। ਜਿਸ ਕਰ ਕੇ ਅਜੋਕੀ ਨੌਜਵਾਨੀ ਖੇਤੀ ਤੋਂ ਖਹਿੜਾ ਛੁਡਾ ਰਹੀ ਹੈ। ਇੱਥੇ ਇਸ ਗੱਲ ਦਾ ਜ਼ਿਕਰ ਕਰਨਾ ਵੀ ਬਣਦਾ ਹੈ ਕਿ ਆਜ਼ਾਦੀ ਤੋਂ ਬਾਅਦ ਅੱਜ ਤੱਕ ਕਿਸੇ ਵੀ ਸਰਕਾਰ ਨੇ ਖੇਤੀ ਸੰਬਧੀ ਕੋਈ ਠੋਸ ਨੀਤੀ ਨਹੀਂ ਬਣਾਈ, ਜਿਸ ਕਾਰਨ



ਇਸ ਪਰਵਾਸ ਨੇ ਪੰਜਾਬ ਦੇ ਪਤਾ ਹੀ ਨਹੀਂ ਕਿੰਨੇ ਪ੍ਰਵਾਰਾਂ ਨੂੰ ਬੇਜ਼ਮੀਨੇ ਬਣਾ ਦਿੱਤਾ ਹੈ। ਇਸ ਤਰ੍ਹਾਂ ਨਵੀਂ ਪੀੜ੍ਹੀ ਦਾ ਇੱਕ ਹਿੱਸਾ ਵਿਦੇਸ਼ ਜਾਣ ਕਰ ਕੇ ਵੀ ਖੇਤੀ ਦੇ ਧੰਦੇ ਤੋਂ ਦੂਰ ਹੋ ਗਿਆ ਹੈ। ਇਸ ਦੇ ਨਾਲ ਹੀ ਵੱਡੇ ਸੜਕੀ ਮਾਰਗਾਂ ਤੇ ਵਿਕਾਸ ਪ੍ਰਜੈਕਟਾਂ ਨੇ ਵੀ ਪੰਜਾਬ ਦੀ ਬਹੁਤ ਸਾਰੀ ਖੇਤੀ ਯੋਗ ਜ਼ਮੀਨ ਨੂੰ ਐਕਵਾਇਰ ਕਰ ਕੇ ਘਟਾਇਆ ਹੈ। ਪੰਜਾਬ ਵਿੱਚ ਛੋਟੀਆਂ ਜੋਤਾਂ ਦੀ ਗਿਣਤੀ ਖੇਤੀ ਵਿੱਚ ਦਿਨੋਂ ਦਿਨ ਨਿਘਾਰ ਆਇਆ ਹੈ। ਜੇਕਰ ਆਪਾਂ ਪਿਛਲੇ ਸੱਤਰ ਸਾਲਾਂ ਦਾ ਲੇਖਾ-ਜੋਖਾ ਕਰੀਏ ਤਾਂ ਵੇਖਦੇ ਹਾਂ ਕਿ ਖੇਤੀ ਨਾਲ ਸਬੰਧਤ ਵਸਤਾਂ ਦੀ ਕੀਮਤ ਵਿੱਚ ਤਾਂ ਸੌ ਗੁਣਾ ਵਾਧਾ ਹੋਇਆ ਹੈ ਪਰ ਫ਼ਸਲਾਂ ਦੇ ਭਾਅ ਵਿੱਚ ਸਿਰਫ਼ ਨਿਗੂਣਾ ਜਿਹਾ ਵਾਧਾ ਹੀ ਹੋਇਆ ਹੈ। ਜਿਸ ਨੂੰ ਵੇਖ ਕੇ ਲੱਗਦਾ ਹੈ ਕਿ ਸਰਕਾਰ ਵੀ ਖੇਤੀ ਦੇ ਕਿੱਤੇ ਪ੍ਰਤੀ ਬਹੁਤੀ ਗੰਭੀਰ ਨਹੀਂ ਹੈ।



ਤਾਂ ਪਹਿਲਾਂ ਹੀ ਵੱਧ ਹੈ ਤੇ ਉਪਰੋਂ ਅਜੋਕੇ ਵਿਕਾਸ ਨੇ ਅਜਿਹੀ ਸਥਿਤੀ ਨੂੰ ਹੋਰ ਗੰਭੀਰ ਬਣਾ ਦਿੱਤਾ ਹੈ। ਇਸ ਕਾਰਨ ਅੱਜ ਮਹਿੰਗਾਈ ਦੇ ਯੁੱਗ ਵਿੱਚ ਘੱਟ ਜ਼ਮੀਨ ਵਾਲੇ ਪ੍ਰਵਾਰ ਖੇਤੀ ਨੂੰ ਛੱਡ ਕੇ ਦੂਜਿਆਂ ਕਿੱਤਿਆਂ ਵੱਲ ਰੁਚਿਤ ਹੋ ਰਹੇ ਹਨ। ਇਸ ਤੋਂ ਇਲਾਵਾ ਨਵੀਂ ਪੀੜ੍ਹੀ ਦੀ ਮਾਨਸਕਤਾ ਤੇ ਸਮਾਜਕ ਰੁਤਬਾ ਵੀ ਉਸ ਨੂੰ ਖੇਤੀਬਾੜੀ ਤੋਂ ਦੂਰ ਕਰਨ ਵਿੱਚ ਕਿਤੇ ਨਾ ਕਿਤੇ ਕਾਰਨ ਬਣ ਰਿਹਾ ਹੈ। ਪੁਰਾਣੇ ਸਮੇਂ ਵਿੱਚ ਰਿਸ਼ਤਾ ਲੱਭਣ ਵੇਲੇ ਖੇਤੀ ਕਰਦਾ ਮੁੰਡਾ ਮਾਪਿਆਂ ਦੀ ਪਹਿਲੀ ਪਸੰਦ ਹੁੰਦਾ ਸੀ ਪਰ ਵਕਤ ਦੇ ਬਦਲਣ ਨਾਲ ਅੱਜ ਖੇਤੀ ਕਰਦੇ ਮੁੰਡੇ ਨੂੰ ਅਨਪੜ੍ਹ ਤੇ ਪਛੜਿਆ ਸਮਝਿਆ ਜਾਣ ਲੱਗ ਪਿਆ

ਇਸ ਤਰ੍ਹਾਂ ਜੇਕਰ ਅਸੀਂ ਚਾਹੁੰਦੇ ਹਾਂ ਕਿ ਅਜੋਕੀ ਨੌਜਵਾਨੀ ਮੁੜ ਖੇਤੀ ਵੱਲ ਪਰਤੇ ਤਾਂ ਸਰਕਾਰ ਨੂੰ ਖੇਤੀ ਨੀਤੀ ਵਿੱਚ ਵੱਡੇ ਸੁਧਾਰ ਕਰਨੇ ਪੈਣਗੇ। ਸਰਕਾਰ ਖੇਤੀ ਨੂੰ ਨਵੀਂ ਤਕਨੀਕ ਨਾਲ ਜੋੜ ਕੇ ਕਿਸਾਨੀ ਨੂੰ ਫ਼ਸਲੀ ਚੱਕਰ ਵਿੱਚੋਂ ਕੱਢ ਕੇ ਸਹਾਇਕ ਧੰਦੇ (ਜਿਵੇਂ ਡੇਅਰੀ ਫਾਰਮਿੰਗ, ਮਧੂ-ਮੱਖੀ ਪਾਲਣ) ਅਪਣਾਉਣ ਲਈ ਪ੍ਰੇਰਿਤ ਕਰਨਾ ਪਵੇਗਾ। ਇਸ ਦੇ ਨਾਲ ਹੀ ਸਰਕਾਰ ਨੂੰ ਫ਼ਸਲਾਂ ਦੇ ਵਾਜਬ ਭਾਅ ਯਕੀਨੀ ਬਣਾਉਣ ਵੱਲ ਵੀ ਧਿਆਨ ਦੇਣਾ ਹੋਵੇਗਾ। ਅੱਜ ਖੇਤੀ ਨੂੰ ਸਿਰਫ਼ ਢਿੱਡ ਭਰਨ ਦਾ ਸਾਧਨ ਨਹੀਂ, ਸਗੋਂ ਇੱਕ ਵਪਾਰ ਵਜੋਂ ਵਿਕਸਤ ਕਰਨ ਦੀ ਲੋੜ ਹੈ। ਫਿਰ ਹੀ ਨਵੀਂ ਪੀੜ੍ਹੀ ਖੇਤੀ ਦੇ ਕਿੱਤੇ ਨਾਲ ਜੁੜ ਸਕਦੀ ਹੈ।

# ਮਨੁੱਖਤਾ ਜਲ ਤੋਂ ਚਿੰਤਤ ਕਿਉਂ ਨਹੀਂ ਹੈ ? ਅਵੇਸਲੀ ਕਿਉਂ ?



ਜਗਜੀਤ ਸਿੰਘ ਝੱਤਰਾ,
ਪੰਜਾਬੀ ਲਿਖਾਰੀ ਸਭਾ, ਪਿੰਡ ਝੱਤਰੇ,
ਤਹਿ. ਜੀਰਾ, ਜ਼ਿਲਾ ਫਿਰੋਜ਼ਪੁਰ-152028
ਮੋ: 7814490249

ਜਿਵੇਂ ਕਿਸੇ ਸਿਆਣੇ ਮਨੁੱਖ ਨੇ ਕਿਹਾ ਸੀ ਜਲ ਹੈ ਤਾਂ ਕਲ ਹੈ। ਜੀਵਨ ਵਿੱਚ ਪਾਣੀ ਦੀ ਮਹੱਤਤਾ ਅਣਮੁੱਲੀ ਹੈ ਅਤੇ ਇਸ ਦੀ ਮਹੱਤਤਾ ਉਸ ਦਿਨ ਪਤਾ ਚੱਲੇਗੀ ਜਿਸ ਦਿਨ ਪਾਣੀ ਦੀ ਇੱਕ ਵੀ ਬੂੰਦ ਨਾ ਮਿਲੀ। ਮਨੁੱਖ ਨੇਪਾਣੀ ਨੂੰ ਗੰਧਲਾ ਕਰਕੇ, ਦੁਰਵਰਤੋਂ ਦਾ ਵੱਡਾ ਰਸਤਾ ਫੜਿਆ ਹੈ। ਜਿਵੇਂ ਪਾਣੀ ਨੂੰ ਮੁਕਾ ਕੇ ਹੀ ਸਾਹ ਲਵੇਗਾ। ਇੱਕ ਅਵੇਸਲਤਾ ਨੇ ਮਨੁੱਖ ਨੂੰ ਪਾਣੀ ਬਗੈਰ ਜੀਵਨ ਮਜ਼ਬੂਰ ਕਰ ਖਤਮ ਕਰ ਦੇਣਾ ਹੈ। ਕਿਸੇ ਵੀ ਵਸਤੂ ਦੇ ਮੁੱਲ ਦਾ ਇਲਮ ਉਸ ਸਮੇਂ ਹੁੰਦਾ ਹੈ ਜਦੋਂ ਆਪਣੇ ਕੋਲੋਂ ਖਤਮ ਹੋ ਜਾਂਦੀ ਹੈ ਜਾਂ ਮਿਲਦੀ ਨਹੀਂ ਹੈ। ਪਾਣੀ ਦੀ ਦੁਰਵਰਤੋਂ ਇੱਕ ਵਿਚਾਰ ਅਧੀਨ ਚਿੰਤਾ ਦਾ ਵਿਸ਼ਾ ਹੈ। ਸੋਚਣ ਤੇ ਮਜ਼ਬੂਰ ਹੋਣਾ ਮਨੁੱਖ ਨੂੰ ਚਾਹੀਦਾ ਹੈ। ਟੁੱਟੀਆਂ ਮੋਟਰਾਂ ਕਿੰਨਾਂ-ਕਿੰਨਾਂ ਸਮਾਂ ਬਿਨਾਂ ਮਤਲਬ ਚਲਦੀਆਂ ਰਹਿੰਦੀਆਂ ਹਨ। ਧਰਤੀ ਦਾ ਹੇਠਲਾ ਪਾਣੀ ਦਿਨੋਂ-ਦਿਨ ਮੁਕਣ ਦੀ ਕਗਾਰ ਤੇ ਜਾ ਰਿਹਾ ਹੈ।



ਸਾਇੰਸਦਾਨ, ਖੇਤੀ ਮਾਹਰ ਲੰਬੇ ਸਮੇਂ ਤੋਂ ਹੋਕਾ ਦੇ ਰਹੇ ਹਨ ਕਿ ਖੇਤੀ ਵਿੱਚ ਤਬਦੀਲੀ ਕਰਨਾ ਸਮੇਂ ਦੀ ਸਖ਼ਤ ਜ਼ਰੂਰਤ ਹੈ। ਕਿਉਂਕਿ ਪਾਣੀ ਦੀ ਕਮੀ ਆ ਰਹੀ ਹੈ। ਧਰਤੀ ਹੇਠਲਾ ਪਾਣੀ ਬਹੁਤ ਜ਼ਿਆਦਾ ਡੂੰਘਾ ਚਲਾ ਗਿਆ ਹੈ। ਇਹ ਇੱਕ ਮਨੁੱਖ ਲਈ ਖ਼ਤਰੇ ਦਾ ਸੰਕੇਤ ਹੈ। ਮਨੁੱਖ ਨੂੰ ਇਸ ਬਾਰੇ ਚਿੰਤਤ ਹੋਣ ਦੀ ਸਖ਼ਤ ਜ਼ਰੂਰਤ ਹੈ। ਪਾਣੀ ਤੋਂ ਬਗੈਰ ਜੀਵਨ ਇਸ ਧਰਤੀ ਤੇ ਮੁਮਕਿਨ ਨਹੀਂ ਹੈ। ਕੀ ਬਣੇਗਾ ਕੀ ਪਾਣੀ ਦੀ ਕੋਈ ਕੀਮਤ ਨਹੀਂ ? ਇਸ ਨੂੰ ਸੰਭਾਲਣਾ ਮਨੁੱਖ ਦੀ ਜ਼ੁੰਮੇਵਾਰੀ ਹੈ। ਅਵੇਸਲਾਪਣ ਛੱਡ ਇਸ ਦੀ ਸੰਭਾਲ ਕਰੀਏ।

# ਸ਼ਹਿਦ ਮੱਖੀ ਪਾਲਣ ਅਪਣਾਓ, ਖੇਤੀ ਆਮਦਨ ਵਧਾਓ

ਜਸਪਾਲ ਸਿੰਘ, ਅਮਿਤ ਚੌਧਰੀ ਅਤੇ ਭਾਰਤੀ ਮੋਹਿੰਦਰੂ,
ਕੀਟ ਵਿਗਿਆਨ ਵਿਭਾਗ, ਪੀ. ਏ. ਯੂ., ਲੁਧਿਆਣਾ (ਮੋ. 80546-04967)

ਸ਼ਹਿਦ ਮੱਖੀ ਪਾਲਣ ਖੇਤੀ ਅਧਾਰਤ ਲਾਹੇਵੰਦ ਕਿੱਤਾ ਹੈ। ਪੰਜਾਬ ਦੇ ਬਹੁਤ ਸਾਰੇ ਕਿਸਾਨ/ਨੌਜਵਾਨ ਸ਼ਹਿਦ ਮੱਖੀ ਪਾਲਣ



ਕਿੱਤੇ ਨੂੰ ਅਪਣਾ ਕੇ ਚੋਖੀ ਆਮਦਨ ਲੈ ਰਹੇ ਹਨ। ਇਸ ਕਿੱਤੇ ਨੂੰ ਸ਼ੁਰੂ ਕਰਨ ਲਈ ਆਪਣੀ ਜ਼ਮੀਨ, ਸ਼ੈੱਡ ਆਦਿ ਦੀ ਵੀ ਕੋਈ ਲੋੜ ਨਹੀਂ ਹੁੰਦੀ। ਸਭ ਤੋਂ ਪਹਿਲਾਂ, ਇਸ ਕਿੱਤੇ ਦੀ ਪ੍ਰੈਕਟੀਕਲ ਸਿਖਲਾਈ ਲੈਣੀ ਬਹੁਤ ਜ਼ਰੂਰੀ ਹੈ। ਇਸ ਨਾਲ ਢੁਕਵੇਂ ਬੀ ਫਲੋਰੇ, ਢੁਕਵੀਂ ਜਗ੍ਹਾ ਦੀ ਚੋਣ, ਸ਼ੁਰੂਆਤ ਲਈ ਢੁਕਵਾਂ ਸਮਾਂ, ਵਧੀਆ ਕੁਆਲਟੀ ਦੇ ਹਾਈਵ, ਤੰਦਰੁਸਤ ਅਤੇ ਚੰਗੇ ਰਵੇ ਦੀਆਂ ਸ਼ਹਿਦ ਮੱਖੀਆਂ ਖਰੀਦਣਾ, ਦੀ ਪੂਰਨ ਜਾਣਕਾਰੀ ਮਿਲ ਜਾਂਦੀ ਹੈ। ਇਸ ਤੋਂ ਇਲਾਵਾ ਸਬਸਿਡੀ ਦੀ ਸਹੂਲਤ ਅਤੇ ਆਮਦਨ ਦੇ ਸਰੋਤਾਂ ਦੀ ਜਾਣਕਾਰੀ ਵੀ ਬਹੁਤ ਜ਼ਰੂਰੀ ਹੈ।

## ਸ਼ਹਿਦ ਮੱਖੀਆਂ ਪਾਲਣ ਦੀ ਸਿਖਲਾਈ

ਪੰਜਾਬ ਐਗਰੀਕਲਚਰਲ ਯੂਨੀਵਰਸਿਟੀ (ਪੀ. ਏ. ਯੂ.) ਵੱਲੋਂ ਸਮੇਂ-ਸਮੇਂ ਸਿਰ ਸਕਿਲ ਡਿਵੈਲਪਮੈਂਟ ਸੈਂਟਰ ਅਤੇ ਕੀਟ ਵਿਗਿਆਨ ਵਿਭਾਗ ਦੁਆਰਾ ਲੁਧਿਆਣਾ ਵਿਖੇ ਅਤੇ ਜਿਲ੍ਹਾ ਪੱਧਰ ਤੇ ਕ੍ਰਿਸ਼ੀ ਵਿਗਿਆਨ ਕੇਂਦਰਾਂ ਤੇ ਕਿਸਾਨਾਂ ਲਈ ਪੰਜ ਦਿਨਾਂ ਦੇ 'ਸ਼ਹਿਦ ਮੱਖੀ ਪਾਲਣ ਸਿਖਲਾਈ ਦੇ ਮੁੱਢਲੇ ਕੋਰਸ' ਲਗਾਏ ਜਾਂਦੇ ਹਨ।

## ਸ਼ਹਿਦ ਅਤੇ ਪਰਾਗ ਦੇ ਮੁੱਖ ਸਰੋਤ ਫ਼ਸਲਾਂ ਜਾਂ ਦਰੱਖਤ

ਫੁੱਲਾਂ ਤੋਂ ਮਿਲਣ ਵਾਲਾ ਨੈਕਟਰ ਅਤੇ ਪਰਾਗ ਸ਼ਹਿਦ ਮੱਖੀ ਦੀ ਮੁੱਖ ਖੁਰਾਕ ਹਨ। ਸ਼ਹਿਦ ਮੱਖੀਆਂ ਨੂੰ ਨੈਕਟਰ ਜਾਂ ਪਰਾਗ ਜਾਂ ਦੋਨੋਂ ਉਪਲਬਧ ਕਰਵਾਉਣ ਵਾਲੀਆਂ ਫ਼ਸਲਾਂ ਨੂੰ ਬੀ ਫਲੋਰਾ ਕਿਹਾ ਜਾਂਦਾ ਹੈ। ਪੰਜਾਬ ਦੇ ਵੱਖਰੇ-ਵੱਖਰੇ ਇਲਾਕਿਆਂ ਵਿੱਚ ਵੱਖ-ਵੱਖ ਫੁੱਲ ਫਲਾਕਾ ਮੌਸਮ ਅਨੁਸਾਰ ਫੁੱਲ ਆਉਣ ਤੇ ਸ਼ਹਿਦ ਮੱਖੀਆਂ ਲਈ ਖੁਰਾਕ ਉਪਲਬਧ ਕਰਵਾਉਂਦਾ ਹੈ। ਇਸ ਲਈ ਸ਼ਹਿਦ ਮੱਖੀ ਪਾਲਣ ਵਿੱਚ ਸਫਲਤਾ ਹਾਸਲ ਕਰਨ ਲਈ ਆਪਾਂ ਨੂੰ ਆਪਣੇ ਇਲਾਕੇ ਜਾਂ ਪਿੰਡ ਵਿੱਚ ਸ਼ਹਿਦ ਦੇ ਮੁੱਖ ਸੋਮੇ ਜਿਵੇਂ ਕਿ ਤੋਰੀਆ, ਸਰ੍ਹੋਂ/ਰਾਇਆ, ਸਫ਼ੈਦਾ, ਸੂਰਜਮੁਖੀ, ਬਰਸੀਮ, ਟਾਹਲੀ, ਨਾਸ਼ਪਾਤੀ, ਬੇਰੀ, ਅਰਹਰ, ਨਰਮਾ ਅਤੇ ਮਲਟੀ ਫਲੋਰਾ ਆਦਿ ਦੀ ਜਾਣਕਾਰੀ ਜ਼ਰੂਰ ਹਾਸਲ ਕਰਨੀ ਚਾਹੀਦੀ ਹੈ। ਜਿਨ੍ਹਾਂ ਇਲਾਕਿਆਂ ਵਿੱਚ ਇਨ੍ਹਾਂ ਕਿਸਮਾਂ ਦੇ ਸੋਮੇਂ ਸਮੇਂ-ਸਮੇਂ ਸਿਰ ਮਿਲਦੇ ਰਹਿੰਦੇ ਹਨ, ਉੱਥੇ ਸ਼ਹਿਦ ਮੱਖੀਆਂ ਪਾਲਣ ਦਾ ਕਿੱਤਾ ਬਹੁਤ ਕਾਮਯਾਬੀ ਨਾਲ ਅਪਣਾਇਆ ਜਾ ਸਕਦਾ ਹੈ। ਕਪਾਹ/ਨਰਮੇ ਤੇ ਕੀਟ-ਨਾਸ਼ਕਾਂ ਦੀ ਜ਼ਿਆਦਾ ਵਰਤੋਂ ਤੇ ਸ਼ਹਿਦ ਮੱਖੀ ਕਟੁੰਬਾਂ ਨੂੰ ਬਚਾਉਣ ਲਈ ਆਪਾਂ ਹਰ ਇਹਤਿਆਤ ਰੱਖੀਏ।

## ਸ਼ਹਿਦ ਮੱਖੀ ਫਾਰਮ ਲਈ ਢੁਕਵੀਂ ਜਗ੍ਹਾ ਦੀ ਚੋਣ

ਸ਼ੌਕੀਆ ਸ਼ਹਿਦ ਮੱਖੀਆਂ ਰੱਖਣ ਸਮੇਂ ਆਮ ਤੌਰ ਤੇ ਆਪਣੀ ਸੌਖ ਦਾ ਹੀ ਖ਼ਿਆਲ ਰੱਖਿਆ ਜਾਂਦਾ ਹੈ। ਪਰ ਵਪਾਰਕ ਤੌਰ ਤੇ ਮੱਖੀ ਪਾਲਣ ਕਰਨ ਲਈ ਜਗ੍ਹਾ ਦੀ ਸਹੀ ਚੋਣ ਬਹੁਤ ਮਹੱਤਤਾ ਰੱਖਦੀ ਹੈ। ਕਿਸਾਨ ਵੀਰ ਅਜਿਹੀ ਥਾਂ ਜਿੱਥੇ ਲਗਭਗ ਸਾਲ ਫੁੱਲ ਫਲਾਕਾ, ਤਾਜ਼ੇ ਪਾਣੀ ਦਾ ਪ੍ਰਬੰਧ, ਲੋੜ ਅਨੁਸਾਰ ਧੁੱਪ ਅਤੇ ਛਾਂ, ਘੱਟ ਤੋਂ ਘੱਟ ਖੜਕਾ-ਦੜਕਾ ਅਤੇ ਗੱਡੀ ਜਾਂ ਟਰੈਕਟਰ ਟਰਾਲੀ ਆਦਿ ਪਹੁੰਚਣ ਦੀ ਸੌਖ ਹੋਵੇ, ਸ਼ਹਿਦ ਦੀਆਂ ਮੱਖੀਆਂ ਪਾਲਣ ਲਈ ਢੁੱਕਵੀਂ ਹੁੰਦੀ ਹੈ। ਸਾਨੂੰ ਇਸ ਗੱਲ ਦਾ ਵੀ ਧਿਆਨ ਰੱਖਣਾ ਚਾਹੀਦਾ ਹੈ ਕਿ ਸ਼ਹਿਦ ਮੱਖੀਆਂ ਪਾਲਣ ਦੀ ਥਾਂ ਪੱਧਰੀ ਅਤੇ ਸਾਫ਼ ਹੋਵੇ ਅਤੇ ਹੜ੍ਹ ਆਦਿ ਦੀ ਮਾਰ ਤੋਂ ਦੂਰ ਹੋਵੇ।

## ਸ਼ੁਰੂਆਤ ਕਰਨ ਲਈ ਢੁੱਕਵਾਂ ਸਮਾਂ

ਪੰਜਾਬ ਵਿੱਚ ਸ਼ਹਿਦ ਮੱਖੀਆਂ ਪਾਲਣ ਸ਼ੁਰੂ ਕਰਨ ਲਈ ਦੋ ਢੁਕਵੇਂ ਸਮੇਂ ਫ਼ਰਵਰੀ-ਮਾਰਚ ਅਤੇ ਅਕਤੂਬਰ-ਨਵੰਬਰ ਹਨ। ਬਸੰਤ ਰੁੱਤ (ਫ਼ਰਵਰੀ-ਮਾਰਚ) ਦਾ ਸਮਾਂ ਤਾਂ ਮੱਖੀ ਪਾਲਣ ਸ਼ੁਰੂ ਕਰਨ ਲਈ ਬਹੁਤ ਹੀ ਜ਼ਿਆਦਾ ਢੁਕਵਾਂ ਸਮਾਂ ਹੈ ਕਿਉਂਕਿ ਇਸ ਸਮੇਂ ਬੀ ਫ਼ਲੋਰਾ ਕਾਫ਼ੀ ਮਿਲਦਾ ਹੈ, ਮੌਸਮ ਸੁਖਾਵਾਂ ਹੁੰਦਾ ਹੈ ਅਤੇ ਸਰਦੀ ਖਤਮ ਹੋ ਜਾਣ ਕਾਰਨ ਮੱਖੀਆਂ ਦਿਨ ਵਿੱਚ ਜ਼ਿਆਦਾ ਸਮਾਂ ਕੰਮ ਕਰ ਸਕਦੀਆਂ ਹਨ ਅਤੇ ਕਟੁੰਬਾਂ ਦਾ ਵਾਧਾ ਤੇਜ਼ੀ ਨਾਲ ਹੁੰਦਾ ਹੈ।

## ਜ਼ਰੂਰੀ ਸੰਦ ਅਤੇ ਸਾਮਾਨ

ਸ਼ਹਿਦ ਮੱਖੀ ਪਾਲਣ ਕਿੱਤਾ ਸ਼ੁਰੂ ਕਰਨ ਸਮੇਂ ਸਿਰਫ ਬਹੁਤ ਜ਼ਰੂਰੀ ਸਾਮਾਨ ਜਿਵੇਂ ਕਿ ਦਸ ਫਰੇਮਾਂ ਵਾਲਾ ਸ਼ਹਿਦ ਮੱਖੀਆਂ ਪਾਲਣ ਦਾ ਹਾਈਵ, ਸਿਰ ਅਤੇ ਚਿਹਰੇ ਉੱਪਰ ਪਹਿਨਣ ਵਾਲੀ ਜਾਲੀ, ਛੱਤਿਆਂ ਨੂੰ ਹਿਲਾਉਣ ਲਈ ਹਾਈਵ ਟੂਲ ਅਤੇ ਧੂੰਆਂ ਦੇਣ ਲਈ ਸਮੋਕਰ ਆਦਿ ਵੀ ਖਰੀਦੋ। ਸ਼ਹਿਦ ਕੱਢਣ ਦੀ ਮਸ਼ੀਨ, ਸ਼ਹਿਦ ਦੇ ਸੈੱਲਾਂ ਦੀਆਂ ਟੋਪੀਆਂ ਲਾਹੁਣ ਵਾਲਾ ਚਾਕੂ ਅਤੇ ਡਰਿਪ ਟਰੇਅ ਸਿਰਫ਼ ਸ਼ਹਿਦ ਕੱਢਣ ਦੇ ਸਮੇਂ ਹੀ ਕੰਮ ਆਉਂਦੇ ਹਨ ਜੋ ਆਪਾਂ ਕਿਸੇ ਤੋਂ ਉਧਾਰ ਜਾਂ ਕਿਰਾਏ ਤੇ ਵੀ ਲੈ ਸਕਦੇ ਹਾਂ। ਇਨ੍ਹਾਂ ਤੋਂ ਬਿਨਾਂ ਮੋਮ ਦੀਆਂ ਬੁਨਿਆਦੀ ਸੀਟਾਂ, ਰਾਣੀ ਨਖੇੜੂ ਜਾਲੀ, ਰਾਣੀ ਦਾ ਪਿੰਜਰਾ, ਆਦਿ ਦੀ ਵੱਖ-ਵੱਖ ਸਮੇਂ ਤੇ ਲੋੜ ਪੈਂਦੀ ਹੈ।

## ਸ਼ਹਿਦ ਮੱਖੀਆਂ ਖ਼ਰੀਦਣ ਸਮੇਂ ਅਹਿਤਿਆਤ

ਸ਼ਹਿਦ ਮੱਖੀਆਂ ਹਮੇਸ਼ਾਂ ਢੁਕਵੇਂ ਸਮੇਂ ਦੇ ਸ਼ੁਰੂ ਵਿੱਚ ਹੀ ਖ਼ਰੀਦਣੀਆਂ ਚਾਹੀਦੀਆਂ ਹਨ। ਸ਼ਹਿਦ ਮੱਖੀਆਂ ਖ਼ਰੀਦਣ ਵੇਲੇ ਆਪਾਂ ਹੇਠ ਲਿਖੀਆਂ ਗੱਲਾਂ ਦਾ ਧਿਆਨ ਰੱਖਣਾ ਹੈ :

★ ਅੱਠ ਛੱਤੇ ਸ਼ਹਿਦ ਮੱਖੀਆਂ ਪ੍ਰਤੀ ਕਟੁੰਬ ਖਰੀਦੀਏ ਅਤੇ ਇਹ ਛੱਤੇ ਸ਼ਹਿਦ ਮੱਖੀਆਂ ਨਾਲ ਪੂਰੇ ਭਰੇ ਹੋਣ।

★ ਰਾਣੀ ਮੱਖੀ ਨਵੀਂ ਤੇ ਗਰਭਤ ਹੋਵੇ। ਨਵੀਂ ਗਰਭਤ ਰਾਣੀ ਮੱਖੀ ਦਾ ਪੇਟ ਹਲਕੇ ਸੰਤਰੀ ਰੰਗਾ ਅਤੇ ਚਮਕੀਲਾ ਹੁੰਦਾ ਹੈ। ਪੁਰਾਣੀ ਰਾਣੀ ਮੱਖੀ ਦਾ ਧੜ ਗੂੜ੍ਹੇ ਭੂਰੇ ਜਾਂ ਕਾਲੇ ਰੰਗ ਦਾ ਹੁੰਦਾ ਹੈ।

★ ਖਰੀਦੇ ਛੱਤਿਆਂ ਵਿੱਚ ਕਾਫੀ ਮਿਕਦਾਰ ਵਿੱਚ ਖੁੱਲਾ ਅਤੇ ਬੰਦ ਕਾਮਾ ਬਰੂਡ ਹੋਵੇ।

★ ਛੱਤਿਆਂ ਵਿੱਚ ਲੋੜੀਂਦੀ ਮਾਤਰਾ ਵਿੱਚ ਸ਼ਹਿਦ ਅਤੇ ਪੋਲਣ ਵੀ ਹੋਣਾ ਚਾਹੀਦਾ ਹੈ।

★ ਅੰਡੇ ਸਹੀ, ਸੈੱਲਾਂ ਦੇ ਥੱਲੇ ਤੇ ਅਤੇ ਹਰ ਸੈੱਲ ਵਿੱਚ ਇੱਕ-ਇੱਕ ਹੋਣੇ ਚਾਹੀਦੇ ਹਨ।



★ ਡਰੋਨ ਮੱਖੀਆਂ ਅਤੇ ਡਰੋਨ ਬਰੂਡ ਬਹੁਤ ਘੱਟ ਹੋਣ।

★ ਖਰੀਦੇ ਕਟੁੰਬ ਵਿੱਚ ਕੋਈ ਬਿਮਾਰੀ ਜਾਂ ਚਿਚੜੀ ਨਾ ਹੋਵੇ। ਸ਼ਹਿਦ ਮੱਖੀ ਕਟੁੰਬਾਂ ਦਾ ਨਰੀਖਣ ਬਹੁਤ ਧਿਆਨ ਨਾਲ ਕਰੋ, ਕਿਉਂਕਿ ਹਾਲ ਹੀ ਵਿੱਚ ਇੱਕ ਨਵੀਂ ਸਮੱਸਿਆ 'ਸਮਾਲ ਹਾਈਵ ਬੀਟਲ' ਨੇ ਸਾਡੇ ਸੂਬੇ ਵਿੱਚ ਵੀ ਦਸਤਕ ਦੇ ਦਿੱਤੀ ਹੈ।

## ਖਰੀਦੇ ਸ਼ਹਿਦ ਮੱਖੀ ਕਟੁੰਬਾਂ ਨੂੰ ਚੁਣੀ ਹੋਈ ਥਾਂ ਤੇ ਲਿਜਾਣ ਦਾ ਢੰਗ

ਅਸੀਂ ਇਸ ਗੱਲ ਦਾ ਧਿਆਨ ਰੱਖੀਏ ਕਿ ਸ਼ਹਿਦ ਮੱਖੀਆਂ ਦੇ ਕਟੁੰਬਾਂ ਦੀ ਢੋਆ-ਢੁਆਈ ਰਾਤ ਦੇ ਸਮੇਂ ਹੀ ਕਰੀਏ। ਲਿਜਾਣ ਸਮੇਂ ਹਾਈਵ ਦੇ ਗੇਟ ਸਰਦੀ ਵਿੱਚ ਕਾਗਜ਼ ਜਾਂ ਗਾਰੇ ਨਾਲ ਅਤੇ ਗਰਮੀ ਵਿੱਚ ਤਾਰਾਂ ਦਾ ਜਾਲੀ ਲਾ ਕੇ ਚੰਗੀ ਤਰ੍ਹਾਂ ਬੰਦ ਕਰ ਦੇਵਾਂਗੇ ਤਾਂ ਕਿ ਮੱਖੀਆਂ ਬਾਹਰ ਨਾ ਨਿਕਲ ਸਕਣ। ਮੱਖੀਆਂ ਦੇ ਛੱਤਿਆਂ ਦੀ ਗਿਣਤੀ ਅਨੁਸਾਰ ਹਾਈਵ ਹੋਰ ਲੋੜੀਂਦੀਆਂ ਫਰੇਮਾਂ ਪਾ ਕੇ ਪੂਰਾ ਭਰ ਦੇਈਏ ਜਾਂ ਫਰੇਮਾਂ ਨੂੰ ਮੇਖਾਂ ਨਾਲ ਇਸ ਤਰ੍ਹਾਂ ਕੱਸ ਲਈਏ ਕਿ ਰਸਤੇ ਵਿੱਚ ਛੱਤੇ/ਫਰੇਮ ਇੱਧਰ-ਉੱਧਰ ਨਾ ਹਿੱਲਣ। ਹਾਈਵ ਦੇ ਵੱਖ-ਵੱਖ ਹਿੱਸਿਆਂ ਨੂੰ ਵੀ ਚੰਗੀ ਤਰ੍ਹਾਂ ਬੰਨਣ ਜਾਂ ਫੱਟੀਆਂ ਅਤੇ ਮੇਖਾਂ ਨਾਲ ਜਕੜਣ ਉਪਰੰਤ ਹੀ ਗੱਡੀ ਵਿੱਚ ਰੱਖਾਂਗੇ ਤਾਂ ਕਿ ਢੋਆ-ਢੁਆਈ ਦੌਰਾਨ ਕੋਈ ਹਿੱਸਾ ਆਪਣੀ ਥਾਂ ਤੋਂ ਨਾ ਖਿਸਕੇ। ਢੋਆ-ਢੁਆਈ ਦੇ ਸਾਧਨ ਉੱਪਰ ਰੱਖਣ ਸਮੇਂ ਹਰੇਕ ਹਾਈਵ ਦਾ ਮੂੰਹ ਪਹੀਆਂ ਦੇ ਧੁਰਿਆਂ ਦੇ ਲੰਬਤਰ ਹੋਵੇ। ਅਜਿਹਾ ਕਰਨ ਨਾਲ ਛੱਤੇ/ਫਰੇਮਾਂ ਆਪਸ ਵਿੱਚ ਟਕਰਾਉਂਦੇ ਨਹੀਂ। ਕਟੁੰਬਾਂ ਨੂੰ ਢੋਣ ਲਈ ਆਵਾਜਾਈ ਦਾ ਸਾਧਨ ਵੀ ਅਜਿਹਾ ਹੋਵੇ ਜੋ ਕਿ ਸਫ਼ਰ ਸਮੇਂ ਹਾਈਵ ਨੂੰ ਉਛਾਲੇ ਨਾ। ਜੇਕਰ ਟਰੈਕਟਰ ਟਰਾਲੀ ਤੋਂ ਬਿਨਾਂ ਕੋਈ ਹੋਰ ਸਾਧਨ ਨਾ ਹੋਵੇ ਤਾਂ ਟਰਾਲੀ ਵਿੱਚ ਕੁੱਝ ਮਿੱਟੀ ਜਾਂ ਪਰਾਲੀ ਭਰ ਲਈਏ ਤਾਂ ਜੋ ਹਾਈਵ ਘੱਟ ਤੋਂ ਘੱਟ ਉਛਾਲਾ ਖਾਣ ਅਤੇ ਇਸ ਵਿੱਚ ਹਰੇਕ ਹਾਈਵ ਦਾ ਮੂੰਹ ਪਹੀਆਂ ਦੇ ਧੁਰਿਆਂ ਦੇ ਸਮਾਨੰਤਰ ਰੱਖੀਏ।

## ਕਟੁੰਬਾਂ ਨੂੰ ਟਿਕਾਉਣ ਦਾ ਢੰਗ

ਮੱਖੀ ਫਾਰਮ ਲਈ ਚੁਣੀ ਹੋਈ ਥਾਂ ਤੇ ਲਿਜਾ ਕੇ ਅਸੀਂ ਕਟੁੰਬਾਂ ਨੂੰ ਘੱਟ-ਘੱਟ ਦਸ-ਦਸ ਫੁੱਟ ਦੂਰੀ ਦੀਆਂ ਕਤਾਰਾਂ ਵਿੱਚ ਕਟੁੰਬ ਤੋਂ ਕਟੁੰਬ ਦੀ ਵਿੱਥ 6 ਤੋਂ 8 ਫੁੱਟ ਅਤੇ ਹਾਈਵ ਦਾ ਗੇਟ ਚੜ੍ਹਦੇ ਪਾਸੇ ਵੱਲ ਰੱਖ ਕੇ ਟਿਕਾਵਾਂਗੇ। ਹਾਈਵ ਦੇ ਗੇਟ, ਹੋ ਸਕੇ ਤਾਂ ਆਮ ਆਵਾਜਾਈ ਦੇ ਰਸਤੇ ਤੋਂ ਉਲਟ ਪਾਸੇ ਵੱਲ ਕਰਕੇ ਰੱਖਾਂਗੇ। ਹਾਈਵ ਠੀਕ ਥਾਂ ਅਤੇ ਠੀਕ ਦਿਸ਼ਾ ਵੱਲ ਰੱਖਣ ਤੋਂ ਬਾਅਦ ਉਨ੍ਹਾਂ ਦੇ ਗੇਟ ਖੋਲ੍ਹ ਦੇਵਾਂਗੇ। ਦੂਸਰੇ ਦਿਨ ਰਾਣੀ ਮੱਖੀ ਅਤੇ ਛੱਤਿਆਂ ਦਾ ਨਿਰੀਖਣ ਕਰਨ ਉਪਰੰਤ ਕਟੁੰਬ ਦੀ ਜ਼ਰੂਰਤ ਅਨੁਸਾਰ ਯੋਗ ਪ੍ਰਬੰਧ ਕਰਾਂਗੇ।

## ਸ਼ਹਿਦ ਮੱਖੀਆਂ ਪਾਲਣ ਸੰਬੰਧੀ ਸਬਸਿਡੀ

ਸ਼ਹਿਦ ਮੱਖੀ ਕਟੁੰਬਾਂ, ਹਾਈਵ, ਸ਼ਹਿਦ ਕੱਢਣ ਵਾਲੀ ਮਸ਼ੀਨ, ਆਦਿ ਤੇ ਸਬਸਿਡੀ ਵੀ ਲੈ ਸਕਦੇ ਹਾਂ। ਸ਼ਹਿਦ ਮੱਖੀ ਕਟੁੰਬਾਂ ਤੇ 800 ਰੁਪਏ ਪ੍ਰਤੀ ਕਟੁੰਬ ਅਤੇ ਸ਼ਹਿਦ ਮੱਖੀਆਂ ਦੇ ਹਾਈਵ ਤੇ ਵੀ 800 ਰੁਪਏ ਪ੍ਰਤੀ ਹਾਈਵ ਸਬਸਿਡੀ ਰਾਸ਼ਟਰੀ ਸ਼ਹਿਦ ਮੱਖੀ ਅਤੇ ਸ਼ਹਿਦ ਮਿਸ਼ਨ ਅਧੀਨ ਬਾਗਬਾਨੀ ਮਹਿਕਮੇ ਰਾਹੀਂ 50 ਕਲੋਨੀਆਂ (ਕਟੁੰਬਾਂ) ਤੱਕ ਲੈ ਸਕਦੇ ਹੋ। ਇਸ ਤੋਂ ਇਲਾਵਾ ਸ਼ਹਿਦ ਕੱਢਣ ਵਾਲੀ ਮਸ਼ੀਨ (4-ਫਰੇਮ), ਸ਼ਹਿਦ ਪਾਉਣ ਲਈ ਫੂਡ-ਗਰੇਡ ਬਾਲਟੀਆਂ ਅਤੇ ਸ਼ਹਿਦ ਕੱਢਣ ਲਈ ਨੈਟ ਦੇ ਇੱਕ ਸੈੱਟ ਤੇ ਵੀ 40 ਫ਼ੀਸਦੀ ਸਬਸਿਡੀ (ਵੱਧ ਤੋਂ ਵੱਧ 20,000 ਰੁਪਏ ਦੇ ਸੈੱਟ ਤੇ 8000 ਰੁਪਏ ਸਬਸਿਡੀ ਪ੍ਰਤੀ ਲਾਭਪਾਤਰ) ਵੀ ਲੈ ਸਕਦੇ ਹੋ। ਕੇ. ਵੀ. ਆਈ. ਸੀ. (ਖਾਦੀ ਅਤੇ ਵਿਲੈਜ ਇੰਡਸਟ੍ਰੀਜ਼ ਕਮਿਸ਼ਨ) ਵੱਲੋਂ 10 ਹਾਈਵ (ਸ਼ਹਿਦ ਮੱਖੀਆਂ ਸਮੇਤ) ਜਨਰਲ ਕੈਟੇਗਰੀ ਅਧੀਨ 80 ਫ਼ੀਸਦੀ ਅਤੇ ਅਨੁਸੂਚਿਤ ਜਾਤੀ ਅਧੀਨ 90 ਫ਼ੀਸਦੀ ਸਬਸਿਡੀ ਲੈ ਸਕਦੇ ਹੋ।

## ਸ਼ਹਿਦ ਮੱਖੀਆਂ ਪਾਲਣ ਤੋਂ ਆਮਦਨ ਦੇ ਸਰੋਤ

ਸ਼ਹਿਦ ਮੱਖੀ ਪਾਲਣ ਤੋਂ ਆਮਦਨ ਦੇ ਮੁੱਖ ਸਰੋਤ ਸ਼ਹਿਦ, ਸ਼ਹਿਦ ਮੱਖੀ ਮੋਮ, ਅਤੇ ਵਧੀਆਂ ਹੋਈਆਂ ਸ਼ਹਿਦ ਮੱਖੀਆਂ ਹਨ। ਸ਼ਹਿਦ ਤੋਂ ਆਮਦਨ ਹੋਰ ਵਧਾਉਣ ਲਈ ਸ਼ਹਿਦ ਨੂੰ ਬੋਤਲ ਬੰਦ ਕਰ ਕੇ ਪਰਚੂਨ ਵਿੱਚ ਵੇਚੋ। ਸ਼ਹਿਦ ਮੱਖੀ ਪਾਲਕ ਪੀ.ਏ.ਯੂ. ਤੋਂ ਅਗਾਂਹ-ਵਧੂ ਸਿਖਲਾਈ ਲੈ ਕੇ ਸ਼ਹਿਦ ਮੱਖੀ ਕਟੁੰਬਾਂ ਤੋਂ ਪੋਲਣ, ਪ੍ਰੋਪੋਲਿਸ, ਰਾਣੀ ਮੱਖੀਆਂ, ਮੱਖੀ ਜਹਿਰ ਅਤੇ ਰਾਇਲ ਜੈਲੀ ਪੈਦਾ ਕਰਕੇ ਅਤੇ ਸ਼ਹਿਦ ਤੋਂ ਹੋਰ ਬਹੁਤ ਸਾਰੀਆਂ ਖਾਣ-ਪੀਣ ਵਾਲੀਆਂ ਵਸਤਾਂ ਤਿਆਰ ਕਰਕੇ ਇਸ ਕਿੱਤੇ ਤੋਂ ਆਪਣੀ ਆਮਦਨ ਨੂੰ ਹੋਰ ਵੀ ਵਧਾ ਸਕਦੇ ਹਨ।

## ਸ਼ਹਿਦ ਮੱਖੀ ਪਾਲਣ ਦੀ ਸਮੇਂ-ਸਮੇਂ ਹੋਰ ਜਾਂ ਅਗਾਂਹ-ਵਧੂ ਜਾਣਕਾਰੀ

ਸ਼ਹਿਦ ਮੱਖੀ ਪਾਲਣ ਦੇ ਮੁਢਲੇ ਕੋਰਸਾਂ ਤੋਂ ਇਲਾਵਾ ਯੂਨੀਵਰਸਿਟੀ ਵੱਲੋਂ ਖੇਤੀ ਰਸਾਲਿਆਂ ਅਤੇ ਈ-ਮੇਲਾਂ ਰਾਹੀਂ ਵੀ ਸਮੇਂ-ਸਮੇਂ ਸ਼ਹਿਦ ਮੱਖੀਆਂ ਪਾਲਣ ਬਾਰੇ ਜਾਣਕਾਰੀ ਦਿੱਤੀ ਜਾਂਦੀ ਹੈ। ਇਨ੍ਹਾਂ ਰਸਾਲਿਆਂ ਦੇ ਮਹੀਨਾਵਾਰ ਅੰਕਾਂ ਵਿੱਚ ਉਸ ਮਹੀਨੇ ਦੌਰਾਨ ਸ਼ਹਿਦ-ਮੱਖੀ ਪਾਲਣ ਸੰਬੰਧੀ ਰੁਝੇਵਿਆਂ ਦੀ ਜਾਣਕਾਰੀ ਵੀ ਦਿੱਤੀ ਜਾਂਦੀ ਹੈ।

ਕਿਸਾਨ ਮੇਲੇ ਦੌਰਾਨ ਪੀ. ਏ. ਯੂ. ਲੁਧਿਆਣਾ ਦੇ ਸ਼ਹਿਦ ਮੱਖੀ ਫਾਰਮ ਦੇ ਬਾਹਰ ਲੱਗੀ ਸਟਾਲ ਤੋਂ ਭਰਪੂਰ ਜਾਣਕਾਰੀ ਹਾਸਲ ਕਰ ਕੇ ਅਸੀਂ ਇਸ ਕਿੱਤੇ ਦੀ ਸ਼ੁਰੂਆਤ ਦੀ ਬੁਨਿਆਦ ਰੱਖ ਸਕਦੇ ਹਾਂ। ਅਸਰਦਾਰ ਜਾਣਕਾਰੀ ਲਈ ਇਸ ਸਟਾਲ ਤੇ ਸ਼ਹਿਦ ਮੱਖੀਆਂ, ਸ਼ਹਿਦ ਮੱਖੀ ਪਾਲਣ ਸੰਬੰਧੀ ਤਕਨੀਕਾਂ ਅਤੇ ਸੰਦ ਪਰਦਰਸ਼ਤ ਵੀ ਕੀਤੇ ਜਾਂਦੇ ਹਨ। ਸ਼ਹਿਦ ਤੋਂ ਇਲਾਵਾ ਇਸ ਕਿੱਤੇ ਵਿੱਚ ਵੰਨ-ਸੁਵੰਨਤਾ ਅਪਣਾ ਕੇ ਵਧੇਰੇ ਲਾਹਾ ਲੈਣ ਲਈ ਹੋਰ ਪਦਾਰਥ ਜਿਵੇਂ ਕਿ ਪਰਾਗ, ਰਾਇਲ-ਜੈਲੀ, ਮਧੂ-ਮੋਮ, ਪ੍ਰੋਪੋਲਿਸ ਅਤੇ ਮੱਖੀ-ਜ਼ਹਿਰ ਦੀ ਪ੍ਰਾਪਤੀ ਬਾਰੇ ਪਰਦਰਸ਼ਤ ਜਾਣਕਾਰੀ ਤੋਂ ਵੀ ਲਾਹਾ ਲੈ ਸਕਦੇ ਹੋ। ਜੇਕਰ ਤੁਸੀਂ ਪਹਿਲਾਂ ਹੀ ਸ਼ਹਿਦ ਮੱਖੀ ਪਾਲਣ ਕਰ ਰਹੇ ਹੋ ਤਾਂ ਪੀ. ਏ. ਯੂ. ਲੁਧਿਆਣਾ ਵੱਲੋਂ ਲਾਏ ਜਾਣ ਵਾਲੇ ਅਗਾਂਹ-ਵਧੂ ਸਿਖਲਾਈ ਕੋਰਸਾਂ ਲਈ ਵੀ ਨਾਮ ਦਰਜ ਕਰਵਾ ਸਕਦੇ ਹੋ।

## ਗਰਮੀ ਵਿੱਚ

# ਸਬਜ਼ੀਆਂ ਦੀ ਕਾਸ਼ਤ



ਭਗਵਾਨ ਦਾਸ

ਸਿਹਤਮੰਦ ਰਹਿਣ ਲਈ ਸਬਜ਼ੀਆਂ ਖਾਣੀਆਂ ਜ਼ਰੂਰੀ ਹਨ ਤੇ ਦੇਸ਼ ਵਿੱਚ ਬਹੁਤੀ ਵਸੋਂ ਸ਼ਾਕਾਹਾਰੀ ਹੋਣ ਕਰਕੇ ਇੱਥੇ ਸਬਜ਼ੀਆਂ ਦੀ ਵਿਸ਼ੇਸ਼ ਅਹਿਮੀਅਤ ਹੈ। ਇਨ੍ਹਾਂ ਦੀ ਕਾਸ਼ਤ ਨਾਲ ਫ਼ਸਲੀ-ਵਿਭਿੰਨਤਾ ਅਤੇ ਰੁਜ਼ਗਾਰ ਵੀ ਮਿਲਦਾ ਹੈ, ਜੋ ਕਿਸਾਨਾਂ ਦੀ ਆਰਥਿਕ ਹਾਲਤ ਸੁਧਾਰਨ ਲਈ ਸਹਾਈ ਹੁੰਦਾ ਹੈ। ਭਾਰਤ ਵਾਂਗ ਪੰਜਾਬ ਵਿੱਚ ਵੀ ਸਬਜ਼ੀਆਂ ਦੀ ਕਾਸ਼ਤ ਹੇਠ ਰਕਬਾ ਤੇ ਪੈਦਾਵਾਰ ਵਧੇ ਹਨ। ਹਾਲਾਂਕਿ ਇਸ ਨੂੰ ਹੋਰ ਵਧਾਉਣ ਦੀ ਲੋੜ ਤੇ ਗੁੰਜਾਇਸ਼ ਹੈ। ਇਕੱਲੇ ਆਲੂਆਂ ਦੀ ਕਾਸ਼ਤ ਵੱਲੋਂ ਸਬਜ਼ੀਆਂ ਦੀ ਕੁੱਲ ਕਾਸ਼ਤ ਦਾ 46-47 ਫ਼ੀਸਦੀ ਰਕਬਾ ਹੈ। ਇਸ ਤੋਂ ਇਲਾਵਾ ਪਿਆਜ਼ਾਂ ਦੀ ਕਾਸ਼ਤ ਵੱਲੋਂ ਵੀ ਕਾਫ਼ੀ ਰਕਬਾ ਵੱਧ ਰਿਹਾ ਹੈ। ਹੁਣ ਗਰਮੀ ਦੀਆਂ ਸਬਜ਼ੀਆਂ ਸਮੇਂ ਸਿਰ ਲਗਾਉਣ ਲਈ ਜਗ੍ਹਾ ਤੇ ਕਿਸਮ ਦੀ ਚੋਣ ਕਰਨੀ ਜ਼ਰੂਰੀ ਹੈ। ਪੰਜਾਬ ਵਿੱਚ ਖੇਤੀਬਾੜੀ ਯੂਨੀਵਰਸਿਟੀ ਤੇ ਬਾਗਬਾਨੀ ਵਿਭਾਗ ਹਰ ਵਿਅਕਤੀ ਨੂੰ ਆਪਣੇ ਖੇਤ ਜਾਂ ਬਗੀਚੀ ਵਿੱਚ ਸਬਜ਼ੀਆਂ ਲਗਾਉਣ (ਕਿਚਨ ਗਾਰਡਨ ਸਥਾਪਤ ਕਰਨ) 'ਤੇ ਜ਼ੋਰ ਦੇ ਰਹੇ ਹਨ। ਜੋ ਸਬਜ਼ੀਆਂ ਖੁੱਲ੍ਹੀ ਮੰਡੀ ਵਿੱਚ ਵਿਕਦੀਆਂ ਹਨ, ਉਨ੍ਹਾਂ ਵਿੱਚ ਜ਼ਹਿਰਾਂ ਦਾ ਅਸਰ ਹੁੰਦਾ ਹੈ, ਜੋ ਹਾਨੀਕਾਰਕ ਹੈ। ਖਪਤਕਾਰ ਖ਼ੁਦ ਵੀ ਜੈਵਿਕ (ਆਰਗੈਨਿਕ) ਸਬਜ਼ੀਆਂ ਉਗਾ ਸਕਦੇ ਹਨ। ਕਿਸਾਨਾਂ ਨੂੰ ਤਾਂ ਘਰੇਲੂ ਖਪਤ ਤੋਂ ਇਲਾਵਾ ਵਪਾਰਕ ਪੱਧਰ 'ਤੇ ਵੀ ਸਬਜ਼ੀਆਂ ਲਗਾਉਣੀਆਂ ਚਾਹੀਦੀਆਂ ਹਨ, ਜਿਸ ਨਾਲ ਉਨ੍ਹਾਂ ਨੂੰ ਦੂਜੀਆਂ ਫ਼ਸਲਾਂ ਨਾਲੋਂ ਵਧੇਰੇ ਮੁਨਾਫ਼ਾ ਮਿਲੇਗਾ। ਮਾਹਿਰਾਂ ਅਨੁਸਾਰ ਜੇ ਘਰੇਲੂ ਪੱਧਰ 'ਤੇ ਸਬਜ਼ੀਆਂ ਲਗਾਉਣੀਆਂ ਹਨ ਤਾਂ ਘਰ ਦੇ ਦੱਖਣ ਵਾਲੇ ਪਾਸੇ ਕਿਆਰੀਆਂ ਬਣਾ ਕੇ ਲਗਾਉਣ ਤਾਂ ਜੋ ਸਬਜ਼ੀਆਂ ਨੂੰ ਲੋੜੀਂਦੀ ਧੁੱਪ ਮਿਲ ਸਕੇ। ਬੀਜਾਂ ਦੇ ਪੁੰਗਰਨ ਲਈ 15 ਤੋਂ 25 ਡਿਗਰੀ ਸੈਲਸੀਅਸ ਤਾਪਮਾਨ ਚਾਹੀਦਾ ਹੈ। ਵਪਾਰਕ ਪੱਧਰ 'ਤੇ ਸਬਜ਼ੀਆਂ ਲਗਾਉਣ ਲਈ ਰੇਤਲੀ ਮੈਰਾ ਤੇ ਚੰਗੇ ਪਾਣੀ ਦੇ ਨਿਕਾਸ ਵਾਲੀ ਮਿੱਟੀ ਲੋੜੀਂਦੀ ਹੈ।

ਭਾਰਤੀ ਖੇਤੀਬਾੜੀ ਖੋਜ ਪ੍ਰੀਸ਼ਦ, ਨਵੀਂ ਦਿੱਲੀ (ਆਈ. ਸੀ. ਏ. ਆਰ.) ਅਤੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਵੱਲੋਂ ਵੀ ਘਰੇਲੂ ਬਗੀਚੀ ਵਿੱਚ ਆਪਣੀ ਖ਼ਪਤ ਲਈ ਸਬਜ਼ੀਆਂ ਪੈਦਾ ਕਰਨ 'ਤੇ ਬੜਾ ਜ਼ੋਰ ਦਿੱਤਾ ਜਾ ਰਿਹਾ ਹੈ। ਹੁਣ ਗਰਮੀ ਦੀਆਂ ਸਬਜ਼ੀਆਂ ਲਗਾਉਣ ਲਈ ਯੋਜਨਾਬੰਦੀ ਕਰਨ ਦਾ ਯੋਗ ਸਮਾਂ ਹੈ। ਘੀਆ, ਕੱਦੂ, ਹਲਵਾ ਕੱਦੂ, ਚੱਪਣ ਕੱਦੂ, ਖਰਬੂਜ਼ਾ, ਤਰਬੂਜ਼, ਕਰੇਲਾ, ਕਾਲੀ ਤੋਰੀ, ਖੀਰਾ, ਟੀਂਡਾ, ਲੋਬੀਆ ਆਦਿ ਦੀ ਬਿਜਾਈ ਕਰਨ ਲਈ ਫ਼ਰਵਰੀ-ਮਾਰਚ ਅਨੁਕੂਲ ਸਮਾਂ ਹੈ। ਮਿਰਚਾਂ (ਸੀਐਚ-52, ਸੀਐਚ-27, ਪੰਜਾਬ ਸੰਧੂਰੀ), ਭਿੰਡੀ ਪੰਜਾਬ ਸੁਨਹਿਰੀ ਤੇ ਹਰਾ ਮਧੂ ਖਰਬੂਜ਼ਾ ਫ਼ਰਵਰੀ ਵਿੱਚ ਲਾਏ ਜਾ ਸਕਦੇ ਹਨ। ਇਨ੍ਹਾਂ ਸਬਜ਼ੀਆਂ ਦੇ ਬੀਜਾਂ ਦੀਆਂ ਕਿੱਟਾਂ ਪੀ. ਏ. ਯੂ., ਬਾਗਬਾਨੀ ਵਿਭਾਗ ਤੇ ਆਈ. ਏ. ਆਰ. ਆਈ. ਤੋਂ ਘਰੇਲੂ ਪੱਧਰ 'ਤੇ ਲਗਾਉਣ ਲਈ ਉਪਲਬੱਧ ਹਨ। ਆਈ. ਏ. ਆਰ. ਆਈ. ਨੇ ਇੱਕੋ ਮੌਸਮ ਵਿੱਚ ਸਬਜ਼ੀਆਂ ਦੀ ਪੈਦਾਵਾਰ ਤੇ ਆਮਦ ਨੂੰ ਰੋਕਣ ਲਈ ਸਬਜ਼ੀਆਂ ਦੀਆਂ ਕੁੱਝ ਵਿਸ਼ੇਸ਼ ਕਿਸਮਾਂ ਵਿਕਸਿਤ ਕੀਤੀਆਂ ਹਨ। ਪੂਸਾ ਹਰਾ ਬੈਂਗਣ, ਪੂਸਾ ਸਫੈਦ ਬੈਂਗਣ ਖ਼ਰੀਫ਼ ਦੇ ਮੌਸਮ ਵਿੱਚ ਲਗਾਉਣ ਲਈ ਅਨੁਕੂਲ ਹਨ। ਇੱਕ ਹੈਕਟੇਅਰ ਵਿੱਚ ਸਬਜ਼ੀ ਲਗਾਉਣ ਲਈ ਇਨ੍ਹਾਂ ਦੀ 400 ਤੋਂ 500 ਗ੍ਰਾਮ ਪਨੀਰੀ ਲੋੜੀਂਦੀ ਹੈ। ਪੂਸਾ ਹਰਾ ਬੈਂਗਣ ਤੇ ਪੂਸਾ ਸਫੈਦ ਬੈਂਗਣ ਦੋਵੇਂ 50-55 ਦਿਨਾਂ ਵਿੱਚ ਪੱਕ ਕੇ ਤਿਆਰ ਹੋ ਜਾਂਦੇ ਹਨ। ਪੂਸਾ ਖੀਰਾ-6 ਦਾ ਰੰਗ ਹਰਾ ਹੋਣ ਤੇ ਜ਼ਾਇਕਾ ਵਧੀਆ ਹੋਣ ਕਰਕੇ ਖਪਤਕਾਰਾਂ ਨੂੰ ਕਾਫ਼ੀ ਪਸੰਦ ਆਇਆ ਹੈ। ਇਹ ਪੰਜਾਬ ਵਿੱਚ ਕਾਸ਼ਤ ਕਰਨ ਲਈ ਵੀ ਅਨੁਕੂਲ ਹੈ ਤੇ ਉਤਪਾਦਕਾਂ ਨੂੰ ਇਸ ਦਾ ਚੰਗਾ ਭਾਅ ਵੀ ਮਿਲ ਜਾਂਦਾ ਹੈ। ਵਧੀਆ ਗੁਣਵੱਤਾ ਦੀਆਂ ਸਬਜ਼ੀਆਂ ਪੈਦਾ ਕਰਨ ਲਈ 400 ਕਿਲੋਗ੍ਰਾਮ ਗਲੀ ਸੜੀ ਰੂੜੀ ਖਾਦ ਜਾਂ 100 ਕਿਲੋਗ੍ਰਾਮ ਗੰਡਿਆ ਖਾਦ ਪ੍ਰਤੀ 25 ਵਰਗ ਮੀਟਰ ਪਾ ਲੈਣੀ ਚਾਹੀਦੀ ਹੈ। ਨਦੀਨਾਂ ਦੀ ਰੋਕਥਾਮ ਲਈ ਪਰਾਲੀ ਦੀ ਮਲਚਿੰਗ ਕੀਤੀ ਜਾ ਸਕਦੀ ਹੈ। ਇਸ ਨਾਲ ਸਬਜ਼ੀਆਂ ਨੂੰ ਘੱਟ ਪਾਣੀ ਦੀ ਲੋੜ ਪਵੇਗੀ। ਜਿਨ੍ਹਾਂ ਕੋਲ ਖੇਤੀ ਲਈ ਜ਼ਮੀਨ ਨਹੀਂ, ਉਹ ਘਰੇਲੂ ਖ਼ਪਤ ਲਈ ਗਮਲਿਆਂ ਜਾਂ ਛੱਤਾਂ 'ਤੇ ਕੁੱਝ ਸਬਜ਼ੀਆਂ ਉਗਾ ਸਕਦੇ ਹਨ।







ਬਿਮਾਰੀਆਂ ਤੇ ਕੀੜੇ-ਮਕੌੜਿਆਂ ਤੋਂ ਬਚਾਅ ਲਈ ਸਬਜ਼ੀਆਂ ਨੈੱਟਹਾਊਸ ਵਿੱਚ ਉਗਾਈਆਂ ਜਾਣ। ਸਬਜ਼ੀਆਂ 'ਤੇ ਜ਼ਹਿਰਾਂ ਦਾ ਅਸਰ ਘਟਾਉਣ ਲਈ ਬਾਗਬਾਨੀ ਵਿਭਾਗ ਦੇ ਸਾਬਕਾ ਡਿਪਟੀ ਡਾਇਰੈਕਟਰ (ਸੇਵਾਮੁਕਤ) ਡਾ. ਸਵਰਨ ਸਿੰਘ ਮਾਨ ਚਿੱਟੀ ਮੱਖੀ, ਥ੍ਰਿੱਪ ਤੇ ਹੋਰ ਰਸ ਚੂਸਣ ਵਾਲੇ ਕੀੜਿਆਂ ਤੋਂ ਬਚਾਅ ਲਈ ਪੀਲੇ ਰੰਗ ਦੇ 6×11 ਸਾਈਜ਼ ਦੇ ਸਟਿੱਕੀ ਬੋਰਡ ਪਲਾਟ ਵਿੱਚ ਲਾਉਣ ਦੀ ਸਿਫ਼ਾਰਸ਼ ਕਰਦੇ ਹਨ। ਵਾਇਰਸ ਬਿਮਾਰੀਆਂ ਤੋਂ ਬਚਾਅ ਲਈ 1 ਲੀਟਰ ਗਊ ਮੂਤਰ, 1 ਲਿਟਰ ਦੁੱਧ ਤੇ 15 ਲਿਟਰ ਪਾਣੀ ਮਿਲਾ ਕੇ ਸਪਰੇਅ ਕਰਨੀ ਚਾਹੀਦੀ ਹੈ। ਉੱਲੀ ਦੀਆਂ ਬਿਮਾਰੀਆਂ ਤੋਂ ਬਚਾਉਣ ਲਈ 4 ਦਿਨ ਪੁਰਾਣੀ 3 ਲਿਟਰ ਖੱਟੀ ਲੱਸੀ 15 ਲਿਟਰ ਪਾਣੀ ਵਿੱਚ ਪਾ ਕੇ ਸਪਰੇਅ ਕੀਤੇ ਜਾਣ ਦੀ ਸਿਫ਼ਾਰਸ਼ ਹੈ। ਕੀੜੇ-ਮਕੌੜਿਆਂ ਤੋਂ ਬਚਾਅ ਲਈ 2 ਕਿਲੋ ਲਸਣ, 1 ਕਿਲੋ ਅਦਰਕ ਤੇ 1 ਕਿਲੋ ਹਰੀ ਮਿਰਚ ਪੀਸ ਕੇ ਤੇ ਕੱਪੜ ਛਾਣ ਕਰਕੇ 15 ਲਿਟਰ ਪਾਣੀ ਵਿੱਚ ਪਾ ਕੇ ਛਿੜਕਾਅ ਕੀਤਾ ਜਾ ਸਕਦਾ ਹੈ। ਕੱਦੂ ਜਾਤੀ ਦੇ ਰੈੱਡ ਪੰਪਕਿਨ ਬੀਟਲ ਤੋਂ ਸਬਜ਼ੀਆਂ ਦੇ ਬਚਾਅ ਲਈ ਇੱਕ ਕਿਲੋ ਸੁਆਹ, 20 ਮਿ.ਲਿ. ਮਿੱਟੀ ਦੇ ਤੇਲ ਵਿੱਚ ਮਿਲਾ ਕੇ ਧੂੜ ਦੇਣੀ ਚਾਹੀਦੀ ਹੈ। ਸਿਉਂਕ ਤੋਂ ਬਚਾਅ ਲਈ 20 ਗ੍ਰਾਮ ਹਿੰਗ ਕੱਪੜੇ ਵਿੱਚ ਲਪੇਟ ਕੇ ਪਾਣੀ ਵਾਲੀ ਖਾਲ ਵਿੱਚ ਰੱਖ ਦੇਣੀ ਚਾਹੀਦੀ ਹੈ। ਆਮ ਕੀੜੇ-ਮਕੌੜਿਆਂ ਤੋਂ ਬਚਾਅ ਲਈ ਇੱਕ ਕਿਲੋ ਨਿੰਮ ਦੇ ਪੱਤੇ 20 ਲਿਟਰ ਪਾਣੀ ਵਿੱਚ ਉਬਾਲ ਦੇ ਪਾਣੀ ਠੰਢਾ ਹੋਣ 'ਤੇ 200 ਗ੍ਰਾਮ ਸ਼ੱਕਰ ਪਾ ਕੇ ਸਬਜ਼ੀਆਂ 'ਤੇ ਸਪਰੇਅ ਕਰਨੀ ਚਾਹੀਦੀ ਹੈ। ਦਿੱਲੀ ਨੇੜੇ ਕੁੱਝ ਉਤਪਾਦਕਾਂ ਨੇ ਲੌਕੀ ਦੀ ਪੂਸਾ ਨਵੀਨ ਕਿਸਮ ਦੀ ਕਾਸ਼ਤ ਕਰਕੇ ਇੱਕ ਹੈਕਟੇਅਰ ਰਕਬੇ ਤੋਂ 2.5 ਲੱਖ ਰੁਪਏ ਤੱਕ ਕਮਾਏ ਹਨ। ਲੋਕਾਂ ਦੀਆਂ ਪੂਸਾ ਵਲੋਂ ਵਿਕਸਿਤ ਕਿਸਮਾਂ 350 ਕੁਇੰਟਲ ਪ੍ਰਤੀ ਹੈਕਟੇਅਰ ਤੱਕ ਝਾੜ ਦਿੰਦੀਆਂ ਹਨ। ਕਣਕ ਵੱਢਣ ਤੋਂ ਬਾਅਦ ਤੇ ਝੋਨਾ ਬੀਜਣ ਤੋਂ ਪਹਿਲਾਂ ਸਬਜ਼ੀਆਂ ਦੀ ਕਾਸ਼ਤ ਕਰਕੇ ਕਿਸਾਨ ਆਮਦਨ ਵਧਾ ਸਕਦੇ ਹਨ। ਕਪਾਹ ਉਤਪਾਦਕ ਵੀ ਇਸ ਸਮੇਂ ਦੌਰਾਨ ਪੱਕਣ ਵਾਲੀਆਂ ਕਿਸਮਾਂ ਤੋਂ ਮੁਨਾਫ਼ਾ ਕਮਾ ਸਕਦੇ ਹਨ।

# ਬਸੰਤ ਰੁੱਤ ਦੇ ਕਮਾਦ ਤੋਂ ਵਧੇਰੇ ਝਾੜ ਲਈ ਉਤਪਾਦਨ ਤਕਨੀਕਾਂ

ਕਮਾਦ ਪੰਜਾਬ ਦੀ ਇੱਕ ਮਹੱਤਵਪੂਰਨ ਖੇਤੀ-ਉਦਯੋਗਿਕ ਫ਼ਸਲ ਹੈ ਅਤੇ ਇਸ ਦੀ ਕਾਸ਼ਤ ਪੱਤਝੜ ਅਤੇ ਬਸੰਤ ਰੁੱਤ ਵਿੱਚ ਕੀਤੀ ਜਾਂਦੀ ਹੈ। ਹੇਠ ਦੱਸੀਆਂ ਉਤਪਾਦਨ ਤਕਨੀਕਾਂ ਅਪਨਾਉਣ ਨਾਲ ਬਸੰਤ ਰੁੱਤ ਦੀ ਕਮਾਦ ਤੋਂ ਵੱਧ ਝਾੜ ਅਤੇ ਮੁਨਾਫ਼ਾ ਪ੍ਰਾਪਤ ਕੀਤਾ ਜਾ ਸਕਦਾ ਹੈ।

★ ਸਿਫ਼ਾਰਸ਼ ਕੀਤੀਆਂ ਅਗੇਤੀਆਂ ਪੱਕਣ ਵਾਲੀਆਂ ਕਿਸਮਾਂ (ਸੀ ਓ ਪੀ ਬੀ-95, ਸੀ ਓ ਪੀ ਬੀ-96, ਸੀ ਓ ਪੀ ਬੀ-92, ਸੀ ਓ 15023, ਸੀ ਓ 118, ਸੀ ਓ ਜੇ 85, ਸੀ ਓ ਜੇ 64) ਅਤੇ ਦਰਮਿਆਨੀ-ਪਿਛੇਤੀ ਪੱਕਣ ਵਾਲੀਆਂ ਕਿਸਮਾਂ (ਸੀ ਓ ਪੀ ਬੀ-98, ਸੀ ਓ ਪੀ ਬੀ-94, ਸੀ ਓ ਪੀ ਬੀ-93, ਸੀ ਓ ਪੀ ਬੀ-91, ਸੀ ਓ 238 ਅਤੇ ਸੀ ਓ ਜੇ 88) ਦੀ ਚੋਣ ਕਰੋ।

★ ਇੱਕ ਏਕੜ ਕਮਾਦ ਬੀਜਣ ਲਈ ਤਿੰਨ ਅੱਖਾਂ ਵਾਲੀਆਂ 20 ਹਜ਼ਾਰ ਗੁੱਲੀਆਂ ਜਾਂ ਚਾਰ ਅੱਖਾਂ ਵਾਲੀਆਂ 15 ਹਜ਼ਾਰ ਗੁੱਲੀਆਂ ਕਾਫ਼ੀ ਹਨ। ਦੂਸਰੇ ਸ਼ਬਦਾਂ ਵਿੱਚ ਇੱਕ ਏਕੜ ਦੀ ਬਿਜਾਈ ਲਈ ਕਮਾਦ ਦੀ ਕਿਸਮ ਅਨੁਸਾਰ 30 ਤੋਂ 35 ਕੁਇੰਟਲ ਬੀਜ ਦੀ ਵਰਤੋਂ ਕਰੋ।

★ ਬਿਜਾਈ ਅੱਧ ਫ਼ਰਵਰੀ ਤੋਂ ਅਖੀਰ ਮਾਰਚ ਤੱਕ ਹੀ ਕਰਨੀ ਚਾਹੀਦੀ ਹੈ। ਅਗੇਤੀਆਂ ਪੱਕਣ ਵਾਲੀਆਂ ਕਿਸਮਾਂ ਨੂੰ ਮਾਰਚ ਤੋਂ ਪਿੱਛੋਂ ਨਾ ਬੀਜੋ। ਜੇਕਰ ਪਿਛੇਤੀ ਬਿਜਾਈ ਕਰਨੀ ਹੀ ਪਵੇ ਤਾਂ ਦਰਮਿਆਨੀ-ਪਿਛੇਤੀ ਪੱਕਣ ਵਾਲੀ ਕਿਸਮਾਂ ਵਰਤੀਆਂ ਜਾ ਸਕਦੀਆਂ ਹਨ ਅਤੇ ਇੱਕ ਏਕੜ ਲਈ ਤਿੰਨ ਅੱਖਾਂ ਵਾਲੀਆਂ 30 ਹਜ਼ਾਰ ਗੁੱਲੀਆਂ ਵਰਤੋਂ।

★ ਚੰਗੇ ਜੰਮ ਲਈ ਬਰੋਟਿਆਂ ਨੂੰ ਈਥਰਲ ਦੇ ਘੋਲ ਵਿੱਚ ਪੂਰੀ ਰਾਤ ਡੋਬਣ ਉਪਰੰਤ ਬਿਜਾਈ ਕਰੋ। ਇਹ ਘੋਲ ਬਣਾਉਣ ਲਈ 25 ਮਿਲੀਲਿਟਰ ਈਥਰਲ 39 ਐਸ ਐਲ ਨੂੰ 100 ਲਿਟਰ ਪਾਣੀ ਵਿੱਚ ਘੋਲੋ ਜਾਂ ਗੁੱਲੀਆਂ ਨੂੰ ਬੀਜਣ ਤੋਂ ਪਹਿਲਾਂ 24



ਘੰਟੇ ਪਾਣੀ ਵਿੱਚ ਡੋਬ ਲਵੋ।

★ ਕਮਾਦ ਦੀ ਫ਼ਸਲ ਦੀ ਬਿਜਾਈ ਸੁਵਿਧਾ ਅਨੁਸਾਰ ਪੀ.ਏ.ਯੂ. ਵਲੋਂ ਸਿਫ਼ਾਰਸ਼ ਕੀਤੀ ਖਾਲੀ ਵਿਧੀ ਜਾਂ ਦੋ ਕਤਾਰੀ ਖਾਲੀ ਵਿਧੀ ਰਾਹੀ ਕਰੋ।

★ ਕਮਾਦ ਦੀ ਫ਼ਸਲ ਵਿੱਚ ਗਰਮ ਰੁੱਤ ਦੀ ਮੂੰਗੀ ਜਾਂ ਮਾਂਹ/ਜਾਪਾਨੀ ਪੁਦੀਨਾ/ਭਿੰਡੀ/ਖੀਰੇ ਨੂੰ ਅੰਤਰ ਫ਼ਸਲਾਂ ਦੇ ਤੌਰ ਤੇ ਬੀਜ ਕੇ ਵੱਧ ਮੁਨਾਫ਼ਾ ਲਿਆ ਜਾ ਸਕਦਾ ਹੈ।

★ ਬੀਜੜ ਅਤੇ ਮੂਢੀ ਫ਼ਸਲ ਲਈ ਕ੍ਰਮਵਾਰ 130 ਅਤੇ 195 ਕਿਲੋ ਯੂਰੀਆ ਪ੍ਰਤੀ ਏਕੜ ਦੀ ਵਰਤੋਂ ਕਰੋ। ਬੀਜੜ ਫ਼ਸਲ ਲਈ ਨਾਈਟ੍ਰੋਜਨ ਖਾਦ ਦਾ ਅੱਧਾ ਹਿੱਸਾ ਕਮਾਦ ਜੰਮਣ ਤੋਂ ਬਾਅਦ ਪਹਿਲੇ ਪਾਣੀ ਨਾਲ ਲਾਈਨਾਂ ਦੇ ਨਾਲ ਕੇਰਾ ਕਰੋ ਜਾਂ ਡਰਿੱਲ ਕਰ ਦਿਉ। ਬਾਕੀ ਦੀ ਅੱਧੀ ਖਾਦ ਇਸੇ ਤਰੀਕੇ ਨਾਲ ਮਈ-ਜੂਨ ਵਿੱਚ ਡਰਿੱਲ ਕਰ ਦਿਉ। ਫ਼ਾਸਫੋਰਸ ਵਾਲੀ ਖਾਦ (ਮਿੱਟੀ ਪਰਖ ਅਨੁਸਾਰ) ਸਿਆੜਾਂ ਵਿੱਚ ਗੁੱਲੀਆਂ ਦੇ ਹੇਠਾਂ ਪਾਉ। ਮੂਢੀ ਫ਼ਸਲ ਨੂੰ ਫ਼ਰਵਰੀ ਵਿੱਚ ਪਹਿਲੀ ਗੋਡੀ ਜਾਂ ਵਾਹੀ ਸਮੇਂ ਨਾਈਟ੍ਰੋਜਨ ਖਾਦ ਦਾ ਤੀਜਾ ਹਿੱਸਾ ਛੱਟੇ ਨਾਲ ਪਾਉ। ਤੀਸਰਾ ਹਿੱਸਾ ਫਿਰ ਅਪ੍ਰੈਲ ਵਿੱਚ ਅਤੇ ਬਾਕੀ ਰਹਿੰਦਾ ਤੀਸਰਾ ਹਿੱਸਾ ਮਈ ਵਿੱਚ ਪਾਓ। ਜੇਕਰ ਮਿੱਟੀ ਪਰਖ ਦੇ ਆਧਾਰ ਤੇ ਫ਼ਾਸਫੋਰਸ ਵਾਲੀ ਖਾਦ ਪਾਉਣੀ ਹੋਵੇ ਤਾਂ ਫ਼ਰਵਰੀ ਵਿੱਚ ਵਾਹੀ ਸਮੇਂ ਕਮਾਦ ਦੀਆਂ ਕਤਾਰਾਂ ਦੇ ਨੇੜੇ ਡਰਿੱਲ ਕਰ ਦਿਓ।

★ ਮਿੱਟੀ ਪਰਖ ਦੇ ਆਧਾਰ ਤੇ ਪੋਟਾਸ਼ ਦੀ ਘਾਟ ਵਾਲੀਆਂ ਜ਼ਮੀਨਾਂ ਵਿੱਚ 50 ਕਿਲੋ ਮਿਊਰੇਟ ਆਫ ਪੋਟਾਸ਼ ਪ੍ਰਤੀ ਏਕੜ ਬਿਜਾਈ ਵੇਲੇ ਕਤਾਰਾਂ ਵਿੱਚ ਜਾਂ ਮੂਢੀ ਫ਼ਸਲ ਨੂੰ ਪਹਿਲੀ ਗੋਡੀ ਨਾਲ ਪਾਉ।

★ ਬਿਜਾਈ ਤੋਂ 2-3 ਦਿਨਾਂ ਦੇ ਅੰਦਰ ਪ੍ਰਤੀ ਏਕੜ 800 ਗ੍ਰਾਮ ਐਟਰਾਟਾਫ 50 ਡਬਲਯੂ ਪੀ (ਐਟਰਾਜ਼ੀਨ) ਜਾਂ ਸੈਨਕੋਰ 70 ਡਬਲਯੂ ਪੀ (ਮੈਟਰੀਬਿਊਜ਼ਨ) ਨੂੰ 200 ਲਿਟਰ ਪਾਣੀ ਵਿੱਚ ਘੋਲ ਕੇ ਛਿੜਕਾਅ ਕਰਨ ਨਾਲ ਮੌਸਮੀ ਨਦੀਨਾਂ ਦੀ ਰੋਕਥਾਮ ਕਰੋ। ਸਖ਼ਤ ਨਦੀਨ ਜਿਵੇਂ ਕਿ ਬਾਂਸ ਪੱਤੇ ਦੀ ਰੋਕਥਾਮ ਲਈ ਸੈਨਕੋਰ 70 ਡਬਲਯੂ ਪੀ ਹੀ ਵਰਤੋਂ। ਇਸ ਦੇ ਬਦਲ ਵਿੱਚ ਖੜ੍ਹੀ ਫ਼ਸਲ ਵਿੱਚ ਮੌਸਮੀ ਘਾਹ, ਮੋਥੇ ਅਤੇ ਚੌੜੇ ਪੱਤਿਆਂ ਵਾਲ ਨਦੀਨਾਂ ਦੀ ਰੋਕਥਾਮ ਲਈ ਪ੍ਰਤੀ ਏਕੜ 1200 ਗ੍ਰਾਮ ਟ੍ਰਿਸਕੇਲ/ਤ੍ਰਿਸ਼ੂਕ (2, 4-ਡੀ ਸੋਡੀਅਮ ਸਾਲਟ 44% + ਮੈਟਰੀਬਿਊਜ਼ਿਨ 35% + ਪਾਈਰੇਜ਼ੋਸਲਫ਼ੂਰਾਨ ਈਥਾਈਲ 1.0%) ਡਬਲਯੂ ਡੀ ਜੀ ਨੂੰ 200 ਲਿਟਰ ਪਾਣੀ ਵਿੱਚ ਘੋਲ ਕੇ, ਜਦੋਂ ਨਦੀਨ 3-5 ਪੱਤਿਆਂ ਦੀ ਅਵਸਥਾ ਵਿੱਚ ਹੋਵੇ, ਤੇ ਛਿੜਕਾਅ ਕਰੋ। ਲਪੇਟਾ ਵੇਲ ਅਤੇ ਹੋਰ ਚੌੜੇ ਪੱਤੇ ਵਾਲੇ ਨਦੀਨਾਂ ਦੀ ਰੋਕਥਾਮ ਲਈ ਇਹਨਾਂ ਦੀ 3-5 ਪੱਤਿਆਂ ਦੀ ਅਵਸਥਾ ਤੇ ਪ੍ਰਤੀ ਏਕੜ 800 ਗ੍ਰਾਮ 2, 4-ਡੀ ਸੋਡੀਅਮ ਸਾਲਟ 80 ਡਬਲਯੂ ਪੀ ਜਾਂ 400 ਮਿਲੀਲਿਟਰ 2, 4-ਡੀ ਅਮਾਈਨ ਸਾਲਟ 58 ਐਸ ਐਲ ਦਾ ਛਿੜਕਾਅ ਕਰੋ।

★ ਗਰਮ ਅਤੇ ਖੁਸ਼ਕ ਮੌਸਮ ਕਰਕੇ ਅਪ੍ਰੈਲ ਤੋਂ ਜੂਨ ਵੇਲੇ ਫ਼ਸਲ ਨੂੰ 7-12 ਦਿਨਾਂ ਦੇ ਵਕਫ਼ੇ ਅੰਦਰ ਲੋੜ ਮੁਤਾਬਕ ਪਾਣੀ ਦਿੰਦੇ ਰਹੋ। ਸਰਦੀਆਂ ਵਿੱਚ (ਨਵੰਬਰ-ਜਨਵਰੀ) ਕਮਾਦ ਨੂੰ ਪਾਣੀ ਇੱਕ ਮਹੀਨੇ ਦੇ ਵਕਫ਼ੇ ਤੇ ਲਾਓ। ਫ਼ਸਲ ਨੂੰ ਕੋਰੇ ਤੋਂ ਬਚਾਉਣ ਲਈ ਇੱਕ ਪਾਣੀ ਦਸੰਬਰ ਦੇ ਅੱਧ ਵਿੱਚ ਅਤੇ ਇੱਕ ਹੋਰ ਪਾਣੀ ਜਨਵਰੀ ਦੇ ਪਹਿਲੇ ਹਫ਼ਤੇ ਲਾਓ।

★ ਫ਼ਸਲ ਨੂੰ ਡਿੱਗਣ ਤੋਂ ਬਚਾਉਣ ਲਈ ਪੱਧਰੇ ਜਾਂ ਖਾਲੀਆਂ ਵਿੱਚ ਬੀਜੀ ਫ਼ਸਲ ਨੂੰ ਮਾਨਸੂਨ ਸ਼ੁਰੂ ਹੋਣ ਤੋਂ ਪਹਿਲਾਂ ਜੂਨ ਦੇ ਅਖੀਰ ਵਿੱਚ ਮਿੱਟੀ ਚੜ੍ਹਾਓ। ਅਗਸਤ ਦੇ ਅਖੀਰ ਵਿੱਚ ਜਾਂ ਸਤੰਬਰ ਦੇ ਸ਼ੁਰੂ ਵਿੱਚ ਫ਼ਸਲ ਦੇ ਮੂਏ ਬੰਨ੍ਹ ਦਿਉ।

- ਅਮਿਤ ਸਲਾਰੀਆ ਅਤੇ ਅਮਨਦੀਪ ਕੌਰ
ਡਾਇਰੈਕਟੋਰੇਟ ਪਸਾਰ ਸਿੱਖਿਆ
ਮੋਬਾਈਲ : 94171-88183

# ਪੰਜਾਬ ਨੂੰ ਵਿਕਾਸ ਕੇਂਦਰਿਤ ਨੀਤੀਆਂ ਦੀ ਲੋੜ

ਨਵਤੇਜ ਸਿੰਘ ਮੱਲ੍ਹੀ
ਪਿੰਡ ਭਾਗੋਕਾਵਾਂ,
ਜ਼ਿਲ੍ਹਾ ਗੁਰਦਾਸਪੁਰ

41 ਲੱਖ ਹੈਕਟੇਅਰ ਖੇਤੀ ਯੋਗ ਜ਼ਮੀਨ ਹੋਣ ਕਾਰਨ ਕਦੇ ਪੰਜਾਬ ਦੇਸ਼ ਦਾ ਸਭ ਤੋਂ ਵੱਧ ਖ਼ੁਸ਼ਹਾਲ ਸੂਬਾ ਸੀ, ਪਰ ਅੱਜ ਇਸ ਦੇ ਹਾਲਾਤ ਕਿਸੇ ਤੋਂ ਲੁਕੇ ਹੋਏ ਨਹੀਂ। ਵਿਕਾਸ ਦੇ ਹਰ ਖੇਤਰ ਵਿੱਚ ਪੰਜਾਬ ਪਛੜਦਾ ਜਾ ਰਿਹਾ ਹੈ। ਅਨਾਜ ਨਾਲ ਪੂਰੇ ਦੇਸ਼ ਦਾ ਪੇਟ ਭਰਨ ਵਾਲੇ ਸੂਬੇ ਦੇ ਕਿਸਾਨਾਂ ਦੀ ਆਰਥਿਕ ਹਾਲਤ ਸੁਖਾਵੀਂ ਨਹੀਂ। ਸੂਬੇ ਦੀ ਡਾਵਾਂਡੋਲ ਆਰਥਿਕ ਹਾਲਤ ਲਈ ਕੁਦਰਤੀ ਆਫਤਾਂ ਤੇ ਹੋਰ ਬਾਹਰੀ ਕਾਰਨਾਂ ਨਾਲੋਂ ਕੁਪ੍ਰਬੰਧਨ ਵਧੇਰੇ ਜ਼ਿੰਮੇਵਾਰ ਹੈ। ਪੰਜਾਬ ਦੇ ਇਹ ਹਾਲਾਤ ਕੁੱਝ ਦਿਨਾਂ ਜਾਂ ਮਹੀਨਿਆਂ ਵਿੱਚ ਨਹੀਂ ਬਣੇ, ਬਲਕਿ ਦਹਾਕਿਆਂ ਵਿੱਚ ਬਣੇ ਹਨ। ਜੇਕਰ ਸੂਬਾ ਅੱਜ ਹੋਰ ਰਾਜਾਂ ਦੀ ਤੁਲਨਾ ਵਿੱਚ ਜੀ.ਡੀ.ਪੀ. ਪੱਖੋਂ 16ਵੇਂ ਸਥਾਨ 'ਤੇ ਖਿਸਕ ਗਿਆ ਹੈ, ਤਾਂ ਇਸ ਦਾ ਮੁੱਖ ਕਾਰਨ ਵੋਟ ਕੇਂਦਰਿਤ ਰਾਜਨੀਤੀ ਹੈ। ਕੁਰਸੀ ਪੱਕੀ ਕਰਨ ਖਾਤਰ ਇਸ ਦੇ ਆਰਥਿਕ ਹਿੱਤਾਂ ਨੂੰ ਦਾਅ 'ਤੇ ਲਗਾ ਦਿੱਤਾ ਗਿਆ। ਕੁਰਸੀ ਕੇਂਦਰਿਤ ਨੀਤੀਆਂ ਕਾਰਨ ਸੂਬੇ ਸਿਰ 3.82 ਲੱਖ ਕਰੋੜ ਦੇ ਕਰਜ਼ੇ ਦਾ ਬੋਝ ਹੈ। ਇਸ ਕਰਜ਼ੇ ਦਾ ਵਿਆਜ ਦੇਣ ਲਈ ਵੀ ਵਿਸ਼ਵ ਬੈਂਕ ਕੋਲੋਂ ਕਰਜ਼ਾ ਚੁੱਕਣਾ ਪੈਂਦਾ ਹੈ। ਵੋਟ ਰਾਜਨੀਤੀ ਸੂਬੇ ਦੇ ਵਿਕਾਸ ਵਿੱਚ ਖੜ੍ਹੋਤ ਬਣ ਰਹੀ ਹੈ। ਕਿਸੇ ਵੀ ਸਿਆਸੀ ਪਾਰਟੀ ਦਾ ਉਦੇਸ਼ ਸੂਬੇ ਦੀ ਆਰਥਿਕਤਾ ਨੂੰ ਉੱਚਾ ਚੁੱਕਣਾ ਨਹੀਂ, ਸਗੋਂ ਅਜਿਹੀਆਂ ਨੀਤੀਆਂ ਬਣਾਉਣਾ ਹੈ, ਜਿਸ ਨਾਲ ਸੱਤਾ 'ਤੇ ਕਬਜ਼ਾ ਲੰਮਾ ਸਮਾਂ ਬਰਕਰਾਰ ਰੱਖਿਆ ਜਾ ਸਕੇ। ਰਾਸ਼ਟਰੀ ਖੁਰਾਕ ਸੁਰੱਖਿਆ ਐਕਟ ਤਹਿਤ ਸੂਬੇ ਦੇ 1.83 ਕਰੋੜ ਲੋਕਾਂ ਨੂੰ 2 ਰੁਪਏ ਕਿਲੋ ਕਣਕ ਦਿੱਤੀ ਜਾ ਰਹੀ ਹੈ, ਗਰੀਬਾਂ ਤੇ ਲੋੜਵੰਦਾਂ ਨੂੰ ਰਾਸ਼ਨ ਦੇਣਾ ਕੋਈ ਗੁਨਾਹ ਨਹੀਂ, ਪਰ ਸਾਧਨ ਸੰਪੰਨ ਤੇ ਆਰਥਿਕ ਤੌਰ 'ਤੇ ਸਰਦੇ-ਪੁੱਜਦੇ ਲੋਕਾਂ ਨੂੰ ਮਹਿੰਗੇ ਭਾਅ ਅਨਾਜ ਲੈ ਕੇ ਮੁਫ਼ਤ ਮੁਹੱਈਆ ਕਰਵਾਉਣਾ ਸੂਬੇ ਦੀ ਆਰਥਿਕਤਾ ਨਾਲ ਖਿਲਵਾੜ ਹੈ। ਕੇਂਦਰ ਨੇ ਸੂਬਾ ਸਰਕਾਰ ਨੂੰ ਕਿਹਾ ਹੈ ਕਿ ਪੰਜਾਬ ਦੇ 11 ਲੱਖ ਫਰਜ਼ੀ ਲੋਕ ਮੁਫ਼ਤ ਅਨਾਜ ਯੋਜਨਾ ਦਾ ਲਾਭ ਲੈ ਰਹੇ ਹਨ। ਇਨ੍ਹਾਂ ਯੋਜਨਾਵਾਂ ਦਾ ਲਾਭ ਲੋੜਵੰਦ ਲੋਕਾਂ ਤੱਕ ਸੀਮਿਤ ਨਹੀਂ ਰਹਿ ਗਿਆ। ਜਿਹੜੀ ਵੀ ਪਾਰਟੀ ਦੀ ਸਰਕਾਰ ਸੂਬੇ ਵਿੱਚ ਹੁੰਦੀ ਹੈ, ਉਸੇ ਪਾਰਟੀ ਦੀ ਅਫ਼ਸਰਸ਼ਾਹੀ 'ਤੇ ਪਿੰਡਾਂ ਦੇ ਸਰਪੰਚ ਵੋਟਾਂ ਪੱਕੀਆਂ ਕਰਨ ਦੇ ਚੱਕਰ ਵਿੱਚ ਗੈਰ-ਲੋੜਵੰਦ ਪਰ ਆਪਣੇ ਚਹੇਤੇ ਲੋਕਾਂ ਨੂੰ ਧੜਾਧੜ ਮੁਫ਼ਤ ਯੋਜਨਾਵਾਂ ਦਾ ਲਾਭ ਦੇ ਰਹੇ ਹਨ। ਮੁਫ਼ਤ ਯੋਜਨਾਵਾਂ ਦੇਣ ਦਾ ਮਾਪਦੰਡ ਗਰੀਬੀ ਨਹੀਂ, ਸਗੋਂ ਵੋਟ ਬੈਂਕ ਹੈ। ਇਸੇ ਕਰਕੇ ਸੂਬੇ ਦੀ ਆਬਾਦੀ ਦਾ ਵੱਡਾ ਸਾਧਨ ਸੰਪੰਨ ਹਿੱਸਾ ਮੁਫ਼ਤ ਯੋਜਨਾਵਾਂ ਦਾ ਲਾਭ ਲੈ ਰਿਹਾ ਹੈ। ਕਿਸੇ ਵੀ ਸਮੇਂ ਦੀ ਸੂਬਾ ਸਰਕਾਰ ਨੂੰ ਇਹ ਚਿੰਤਾ ਹੁੰਦੀ ਹੈ ਕਿ ਉਸ ਦਾ ਵੋਟ ਬੈਂਕ ਘੱਟ ਨਹੀਂ ਹੋਣਾ ਚਾਹੀਦਾ। ਸੂਬੇ ਸਿਰ ਕਰਜ਼ੇ ਦਾ ਬੋਝ ਭਾਵੇਂ ਕਿੰਨਾ ਵੀ ਵੱਧ ਜਾਵੇ, ਇਸ ਨਾਲ ਉਸ ਨੂੰ ਕੋਈ ਵਾਹ-ਵਾਸਤਾ ਨਹੀਂ। ਇਸੇ ਵੋਟ ਬੈਂਕ ਦੀ ਰਾਜਨੀਤੀ ਵਿੱਚੋਂ ਪੈਦਾ ਸਕੀਮ ਦਾ ਨਾਂਅ ਮੁਫ਼ਤ ਬਿਜਲੀ ਯੋਜਨਾ ਹੈ, ਜਿਸ ਤਹਿਤ ਹਰੇਕ ਪਰਿਵਾਰ ਨੂੰ ਪ੍ਰਤੀ ਮਹੀਨਾ 300 ਯੂਨਿਟ ਬਿਜਲੀ ਮੁਫ਼ਤ ਮਿਲਦੀ ਹੈ। ਇਸ ਯੋਜਨਾ ਦਾ ਲਾਭ ਗਰੀਬਾਂ ਨਾਲੋਂ ਵੱਧ ਅਮੀਰ ਲੈ ਰਹੇ ਹਨ। ਤਿੰਨ-ਤਿੰਨ ਮੰਜ਼ਿਲਾਂ ਕੋਠੀਆਂ ਦੇ ਬਾਹਰ ਬੀ. ਪੀ. ਐਲ. ਦੀ ਆੜ ਹੇਠ ਮੀਟਰ ਲੱਗੇ ਹਨ। ਜੇਕਰ ਯੂਨਿਟਾਂ ਦੀ ਖਪਤ ਵੱਧ ਹੋਣ ਦਾ ਖਦਸ਼ਾ ਹੋਵੇ ਤਾਂ ਮੀਟਰ ਦੋ ਲਗਵਾ ਲਏ ਜਾਂਦੇ ਹਨ। ਗਰਮੀਆਂ ਵਿੱਚ ਬੇਸ਼ੁਮਾਰ ਏ. ਸੀ. ਮੁਫ਼ਤ ਚੱਲਦੇ ਹਨ ਤੇ ਸਰਦੀਆਂ ਵਿੱਚ ਹੀਟਰ। ਇਸੇ ਕਰਕੇ ਸਰਦੀ ਦੇ ਸੀਜ਼ਨ ਵਿੱਚ ਵੀ ਬਿਜਲੀ ਦੀ ਖਪਤ ਨਹੀਂ ਘੱਟ ਹੁੰਦੀ। ਸਮੱਸਿਆ ਇਹ ਨਹੀਂ ਕਿ ਮੁਫ਼ਤ ਯੋਜਨਾਵਾਂ ਕਿਉਂ ਚਲਾਈਆਂ ਜਾ ਰਹੀਆਂ ਹਨ, ਸਮੱਸਿਆ ਇਹ ਹੈ ਕਿ ਗੈਰ-ਲੋੜੀਂਦੇ ਲੋਕ ਇਸ ਦਾ ਵੱਡੀ ਮਾਤਰਾ ਵਿੱਚ ਲਾਭ ਲੈ ਰਹੇ ਹਨ। ਇਸ ਦਾ ਖਮਿਆਜ਼ਾ ਵੀ ਸਿੱਧੇ-ਅਸਿੱਧੇ ਰੂਪ ਵਿੱਚ ਲੋਕਾਂ ਨੂੰ ਹੀ ਭੁਗਤਣਾ ਪੈ ਰਿਹਾ ਹੈ। ਜਦੋਂ ਦੀ ਬਿਜਲੀ ਮੁਫ਼ਤ ਹੋਈ ਹੈ ਪਾਵਰਕਾਮ ਵਿੱਚ ਭਰਤੀ ਨਾਂਹ ਦੇ ਬਰਾਬਰ ਹੈ। 20 ਪਿੰਡਾਂ ਦੇ ਇੱਕ ਫੀਡਰ ਵਿੱਚ ਮਾਤਰ ਤਿੰਨ-ਤਿੰਨ ਮੁਲਾਜ਼ਮ ਕੰਮ ਚਲਾ ਰਹੇ ਹਨ। ਸੈਂਕੜੇ ਸ਼ਿਕਾਇਤਾਂ ਲੋਕਾਂ ਦੀਆਂ ਲੰਬਿਤ ਹਨ, ਪਰ ਇਨ੍ਹਾਂ ਦੇ ਹੱਲ ਲਈ ਮੁਲਾਜ਼ਮ ਨਹੀਂ ਹਨ। ਘਰੇਲੂ ਤੇ ਟਿਊਬਵੈੱਲ ਮਿਲਾ ਕੇ ਪਾਵਰਕਾਮ ਦੀ ਸਰਕਾਰ ਵੱਲ ਹਜ਼ਾਰਾਂ ਕਰੋੜ ਦੀ ਰਾਸ਼ੀ ਲੰਬਿਤ ਹੋ ਜਾਂਦੀ ਹੈ। ਸਰਕਾਰ ਕਰਜ਼ੇ ਚੁੱਕ ਕੇ ਸਿਰਫ਼ ਵਿਆਜ ਹੀ ਭਰਦੀ ਹੈ। ਆਮ ਲੋਕਾਂ ਤੇ ਕਿਸਾਨਾਂ ਨੇ ਮੁਫ਼ਤ ਬਿਜਲੀ ਦੀ ਮੰਗ ਕਦੇ ਨਹੀਂ ਸੀ ਕੀਤੀ, ਸਗੋਂ ਵਾਜਿਬ ਦਰਾਂ 'ਤੇ ਨਿਰੰਤਰ ਬਿਜਲੀ ਦੀ ਮੰਗ ਕੀਤੀ ਜਾਂਦੀ ਰਹੀ ਸੀ। ਪਰ ਨੀਤੀਆਂ ਤੇ ਯੋਜਨਾਵਾਂ ਅਜਿਹੀਆਂ ਹਨ ਕਿ ਜਾਂ ਤਾਂ ਬਿਜਲੀ ਮੁਫ਼ਤ ਦੇਣੀ ਹੈ ਜਾਂ ਫਿਰ ਏਨੀ ਮਹਿੰਗੀ ਬਿਜਲੀ ਦੇਣੀ ਹੈ ਕਿ ਕਿਸਾਨਾਂ ਨੂੰ ਟਿਊਬਵੈੱਲਾਂ ਦੇ ਬਿੱਲ ਭਰਨੇ ਏਨੇ ਔਖੇ ਹੋਣ ਕਿ ਉਹ ਕੁਨੈਕਸ਼ਨ ਹੀ ਕਟਵਾ ਦੇਣ। ਜੇਕਰ ਵਾਜ਼ਿਬ ਬਿੱਲ ਲਏ ਜਾਣ ਤਾਂ ਮਹਿਕਮੇ ਵੀ ਚੱਲ ਸਕਦੇ ਹਨ, ਨਵੀਂ ਭਰਤੀ ਵੀ ਹੋ ਸਕਦੀ ਹੈ ਤੇ ਲੋਕਾਂ ਨੂੰ ਬਿਜਲੀ ਸਪਲਾਈ ਵੀ ਨਿਰਵਿਘਨ ਮਿਲ ਸਕਦੀ ਹੈ ਪਰ ਇੱਕ ਸਾਜਿਸ਼ ਤਹਿਤ ਪੂਰੇ ਸਿਸਟਮ ਨੂੰ ਉਲਝਾ ਦਿੱਤਾ ਗਿਆ ਹੈ। ਇਨ੍ਹਾਂ ਮੁਫ਼ਤ ਸਹੂਲਤਾਂ ਵਿੱਚੋਂ ਸਾਜਿਸ਼ ਦੀ ਬੋਅ ਆਉਂਦੀ ਹੈ, ਕਿ ਸਰਕਾਰੀ ਅਦਾਰਿਆਂ ਦੀ ਆਰਥਿਕ ਹਾਲਤ ਏਨੀ ਖਸਤੀ ਕਰ ਦਿੱਤੀ ਜਾਵੇ ਕਿ ਲੋਕ ਮਹਿਕਮਿਆਂ ਦੇ ਨਿੱਜੀਕਰਨ ਦਾ ਵਿਰੋਧ ਕਰਨ ਦੀ ਥਾਂ ਆਪ ਇਸ ਦੀ ਮੰਗ ਕਰਨ। ਪਾਵਰਕਾਮ ਵਿੱਚ ਅਜਿਹਾ ਹੀ ਵਾਪਰਨ ਜਾ ਰਿਹਾ ਹੈ। ਨਿੱਜੀ ਕੰਪਨੀਆਂ ਬਿਜਲੀ ਦਾ ਠੇਕਾ ਲੈਣ ਲਈ ਪੱਬਾਂ ਭਾਰ ਹਨ ਤੇ ਕੇਂਦਰ ਸਰਕਾਰ ਕਰਜ਼ਾਈ ਸੂਬਿਆਂ ਲਈ ਬਿਜਲੀ ਵਿੱਚ ਨਿੱਜੀ ਭਾਈਵਾਲੀ ਦਾ ਰਸਤਾ ਖੋਲ੍ਹਣ ਲਈ ਬਿੱਲ ਲਿਆ ਰਹੀ ਹੈ। ਉਹ ਦਿਨ ਦੂਰ ਨਹੀਂ ਜਦੋਂ ਬਿਜਲੀ ਦਾ ਕੰਟਰੋਲ ਪੂਰੀ ਤਰ੍ਹਾਂ ਨਿੱਜੀ ਕੰਪਨੀਆਂ ਕੋਲ ਆ ਜਾਵੇਗਾ। ਪੰਜਾਬ ਸਮੇਤ ਪੂਰੇ ਦੇਸ਼ ਵਿੱਚ ਚਿੱਪ ਵਾਲੇ ਮੀਟਰ ਲਗਾਉਣਾ ਇਸੇ ਨੀਤੀ ਦਾ ਹਿੱਸਾ ਹੈ। ਬਿਜਲੀ ਵੀ ਫੋਨ ਰਿਚਾਰਜਿੰਗ ਵਾਂਗ ਮਨਮਾਨੇ ਰੇਟਾਂ 'ਤੇ ਮਿਲੇਗੀ। ਜਦੋਂ ਰਿਚਾਰਜਿੰਗ ਖ਼ਤਮ ਨਾਲ ਹੀ ਬਿਜਲੀ ਗੁੱਲ। ਅਸਲ ਵਿੱਚ ਇਹ ਨੀਤੀਆਂ ਘੱਟ ਆਬਾਦੀ ਵਾਲੇ ਯੂਰਪੀ ਦੇਸ਼ਾਂ ਲਈ ਹਨ। ਜਿੱਥੇ ਸਾਰੇ ਲੋਕਾਂ ਕੋਲ ਵਿਕਾਸ ਤੇ ਰੁਜ਼ਗਾਰ ਦੇ ਬਰਾਬਰ ਮੌਕੇ ਹਨ। ਆਬਾਦੀ ਨਾਲੋਂ ਵੱਧ ਆਮਦਨ ਦੇ ਸ੍ਰੋਤ ਹਨ ਤੇ ਭ੍ਰਿਸ਼ਟਾਚਾਰ ਨਾਂਹ ਦੇ ਬਰਾਬਰ ਹੈ ਪਰ ਭਾਰਤ ਵਰਗੇ ਵੱਡੀ ਆਬਾਦੀ ਵਾਲੇ ਦੇਸ਼ ਦੀ ਅੱਧੀ ਤੋਂ ਵੱਧ ਆਬਾਦੀ ਗਰੀਬ ਹੈ, ਜਿਨ੍ਹਾਂ ਕੋਲ ਰੁਜ਼ਗਾਰ ਦੇ ਮੌਕੇ ਨਹੀਂ ਹਨ। ਮੁੱਢਲੀਆਂ ਸਹੂਲਤਾਂ ਵੀ ਘੱਟ ਹਨ। ਬਿਜਲੀ ਕੰਪਨੀਆਂ ਦੇ ਰਾਜ ਵਿੱਚ ਅੱਧੀ ਆਬਾਦੀ ਹਨੇਰੇ ਵਿੱਚ ਡੁੱਬ ਜਾਏਗੀ, ਕਿਉਂਕਿ ਉਨ੍ਹਾਂ ਕੋਲ ਵਾਧੂ ਬਿੱਲ ਨਹੀਂ ਭਰੇ ਜਾਣਗੇ। ਇਨ੍ਹਾਂ ਮੁਫ਼ਤਖੋਰੀਆਂ ਕਰਕੇ ਜਿੱਥੇ ਸੂਬਾ ਕਰਜ਼ਾਈ ਹੋ ਗਿਆ ਹੈ, ਉੱਥੇ ਵਿਕਾਸ ਦੇ ਸਾਰੇ ਕੰਮ ਵੀ ਠੱਪ ਪਏ ਹਨ। ਅੱਜ ਪੂਰੇ ਪੰਜਾਬ ਦੀਆਂ ਲਿੰਕ ਸੜਕਾਂ ਦੀ ਹਾਲਤ ਖਸਤਾ ਹੈ। ਇਨ੍ਹਾਂ ਨੂੰ ਨਵੀਆਂ ਤਾਂ ਕੀ ਬਣਾਉਣਾ, ਪੈਚ ਵਰਕ ਲਈ ਵੀ ਪੈਸੇ ਨਹੀਂ ਹਨ, 62 ਫ਼ੀਸਦੀ ਪਿੰਡਾਂ ਵਿੱਚ ਰਹਿ ਰਹੀ ਆਬਾਦੀ ਮੁਸੀਬਤਾਂ ਦਾ ਸਾਹਮਣਾ ਕਰ ਰਹੀ ਹੈ। ਖਸਤਾ ਹਾਲਤ ਸੜਕਾਂ ਕਾਰਨ ਹਾਦਸਿਆਂ ਦੀ ਦਰ ਵੱਧ ਗਈ ਹੈ। ਪੈਸੇ ਦੀ ਘਾਟ ਕਾਰਨ ਸਰਕਾਰੀ ਹਸਪਤਾਲਾਂ ਵਿੱਚ ਦਵਾਈਆਂ ਦੀ ਘਾਟ ਹੈ, ਡਾਕਟਰਾਂ ਦੀ ਘਾਟ ਹੈ, ਇਲਾਜ ਦੇ ਅਤਿ ਆਧੁਨਿਕ ਉਪਕਰਨਾਂ ਦੀ ਘਾਟ ਹੈ, ਜਿਸ ਕਾਰਨ ਆਮ ਲੋਕ ਨਿੱਜੀ ਹਸਪਤਾਲਾਂ ਵਿੱਚ ਮਹਿੰਗਾ ਇਲਾਜ ਕਰਵਾਉਣ ਲਈ ਮਜ਼ਬੂਰ ਹਨ। ਇਸੇ ਤਰ੍ਹਾਂ ਹੋਰ ਸਰਕਾਰੀ ਵਿਭਾਗਾਂ ਵਿੱਚ ਵੀ ਅੱਧੋਂ ਵੱਧ ਅਸਾਮੀਆਂ ਖਾਲੀ ਪਈਆਂ ਹਨ। ਇਮਾਰਤਾਂ ਦੀ ਹਾਲਤ ਖਸਤਾ ਹੈ। ਰੁਜ਼ਗਾਰਾਂ ਦੀ ਘਾਟ ਤੇ ਗੁੰਡਾਗਰਦੀ ਦੇ ਬੇਤਹਾਸ਼ਾ ਵਾਧੇ ਕਾਰਨ ਸੂਬੇ ਦੇ ਸਰਦੇ-ਪੁੱਜਦੇ ਲੋਕ ਇੱਥੋਂ ਪਲਾਇਨ ਕਰਨਾ ਹੀ ਬਿਹਤਰ ਸਮਝ ਰਹੇ ਹਨ। ਗੁਆਂਢੀ ਰਾਜ ਹਰਿਆਣਾ ਪੰਜਾਬ ਨਾਲੋਂ ਹਰ ਪੱਖੋਂ ਛੋਟਾ ਹੈ, ਪਰ ਜੀ. ਡੀ. ਪੀ. ਪੱਖੋਂ ਚੌਥਾ ਸੂਬਾ ਹੈ ਤੇ ਪੰਜਾਬ 16ਵੇਂ ਨੰਬਰ 'ਤੇ ਖਿਸਕ ਗਿਆ ਹੈ। ਹਰਿਆਣੇ ਦੀ ਪ੍ਰਤੀ ਵਿਅਕਤੀ ਆਮਦਨ 2,94,000 ਹੈ, ਜਦਕਿ ਪੰਜਾਬ ਦੀ 1,96,000 ਹੈ। ਪੰਜਾਬ ਦਾ ਭਲਾ ਵੋਟ ਕੇਂਦਰਿਤ ਨੀਤੀਆਂ ਨਾਲ ਨਹੀਂ, ਸਗੋਂ ਵਿਕਾਸ ਕੇਂਦਰਿਤ ਨੀਤੀਆਂ ਨਾਲ ਹੋਵੇਗਾ। ਲੋਕਾਂ ਨੂੰ ਮੁਫ਼ਤ ਨਹੀਂ ਸਸਤੇ ਰੇਟਾਂ 'ਤੇ ਬਿਜਲੀ, ਪਾਣੀ ਤੇ ਸਿਹਤ ਸਹੂਲਤਾਂ ਮੁਹੱਈਆ ਕਰਵਾਈਆਂ ਜਾਣ, ਤਾਂ ਜੋ ਸਰਕਾਰੀ ਅਦਾਰਿਆਂ ਨੂੰ ਜਿੰਦਰੇ ਨਾ ਵੱਜਣ ਤੇ ਰਾਜ ਲਈ ਹਰ ਮਹੀਨੇ ਕਰਜ਼ਾ ਚੁੱਕਣ ਦੀ ਨੌਬਤ ਨਾ ਆਵੇ।



# ਕੁਲਰੀਆਂ ਦੀ ਕੁੜੀ ਬਣੀ ਮਿਸਾਲ, ਫੁੱਲਾਂ ਦੀ ਖੇਤੀ ਸਦਕਾ ਹੋਈ ਖੁਸ਼ਹਾਲ

★ ਵਿਦੇਸ਼ ਜਾਣ ਦੀ ਬਜਾਏ ਆਪਣੇ ਪਿੰਡ ਵਿੱਚ ਫੁੱਲਾਂ ਦੀ ਖੇਤੀ ਦਾ ਰਾਹ ਚੁਣਿਆ ★ ਆਪਣੀ ਆਮਦਨ ਨਾਲ ਪੜ੍ਹਾਈ ਕਰਨ ਦੇ ਨਾਲ-ਨਾਲ ਪਰਿਵਾਰ ਲਈ ਵੀ ਬਣੀ ਸਹਾਰਾ

ਜ਼ਿਲ੍ਹਾ ਮਾਨਸਾ ਦੇ ਪਿੰਡ ਕੁਲਰੀਆਂ ਦੀ ਅਮਨਜੀਤ ਕੌਰ ਫੁੱਲਾਂ ਦੀ ਕਾਸ਼ਤ ਨਾਲ ਜਿੱਥੇ ਨੌਜਵਾਨਾਂ ਲਈ ਉਦਾਹਰਣ ਬਣੀ ਹੈ, ਉੱਥੇ ਹੀ ਆਪਣੇ ਪਰਿਵਾਰ ਦਾ ਵੀ ਸਹਾਰਾ ਬਣੀ ਹੈ। ਪਿੰਡ ਕੁਲਰੀਆਂ ਦੀ ਅਮਨਜੀਤ ਕੌਰ (25 ਸਾਲ) ਪੁੱਤਰੀ ਜੀਤਾ ਸਿੰਘ ਨੇ ਦੱਸਿਆ ਕਿ ਉਸਦੇ ਪਿਤਾ ਸਵਾ 2 ਕਿੱਲੇ ਜ਼ਮੀਨ ਦੀ ਵਾਹੀ ਕਰਦੇ ਹਨ ਅਤੇ ਉਸ ਦੇ ਪਰਿਵਾਰ ਵਿੱਚ ਮਾਤਾ-ਪਿਤਾ ਅਤੇ ਉਸਦੇ ਦੋ ਭਰਾ ਹਨ। ਇੰਨੇ ਘੱਟ ਰਕਬੇ ਦੀ ਵਾਹੀ ਨਾਲ ਗੁਜ਼ਾਰਾ ਬਹੁਤ ਮੁਸ਼ਕਿਲ ਨਾਲ ਹੁੰਦਾ ਸੀ। ਉਸ ਨੇ ਪੀ. ਜੀ. ਡੀ. ਸੀ. ਏ. ਦੀ ਫੀਸ ਵੀ ਮੁਸ਼ਕਿਲ ਨਾਲ ਸਵੈ-ਸੇਵੀ ਸੰਸਥਾ ਅਤੇ ਪਰਿਵਾਰ ਦੀ ਮੱਦਦ ਨਾਲ ਭਰੀ ਸੀ। ਵਿੱਤੀ ਹਾਲਤ ਮਾੜੇ ਹੋਣ ਕਾਰਨ ਅਗਲੀ ਪੜ੍ਹਾਈ ਦਾ ਕੋਈ ਰਾਹ ਨਹੀਂ ਸੀ। ਉਸ ਨੇ ਦੱਸਿਆ ਕਿ ਉਸਨੇ ਵਿਦੇਸ਼ ਜਾਣ ਲਈ ਆਈਲੈਟਸ ਵੀ ਕੀਤੀ ਸੀ, ਪਰ ਵਿਆਹ ਕਰਵਾ ਕੇ ਵਿਦੇਸ਼ ਜਾਣ ਦੀ ਬਜਾਏ ਉਹ ਆਪਣੇ ਦੇਸ਼ ਵਿੱਚ ਹੀ ਆਪਣੇ ਪੈਰਾਂ 'ਤੇ ਖੜ੍ਹੀ ਹੋਣਾ ਚਾਹੁੰਦੀ ਸੀ। ਉਸਨੇ ਦੱਸਿਆ ਕਿ ਉਹ ਪਿੰਡ ਦੇ ਗੁਰਦੁਆਰਾ ਸਾਹਿਬ ਵਿੱਚ ਫੁੱਲਾਂ ਦੀ ਸਜਾਵਟ ਦੀ ਸੇਵਾ ਕਰਦੀ ਸੀ, ਤਾਂ ਉਸ ਦੇ ਮਨ ਵਿੱਚ ਫੁੱਲਾਂ ਦੀ ਖੇਤੀ ਕਰਨ ਦਾ ਵਿਚਾਰ ਆਇਆ। ਉਸ ਨੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਵਿੱਚ ਰਾਬਤਾ ਕੀਤਾ ਅਤੇ ਉੱਥੇ ਐਚ. ਓ. ਡੀ. (ਫਲੋਰੀਕਲਚਰ) ਡਾ. ਪਰਮਿੰਦਰ ਸਿੰਘ ਅਤੇ ਸਾਇੰਟਿਸਟ ਡਾ. ਅਮਨ ਸ਼ਰਮਾ ਤੋਂ ਸੇਧ ਲਈ। ਉਨ੍ਹਾਂ ਤੋਂ ਫੁੱਲਾਂ ਦੀ ਪਨੀਰੀ ਲੈ ਕੇ ਸਾਲ 2022 ਵਿੱਚ 7 ਮਰਲੇ ਵਿੱਚ ਗੇਂਦਾ ਲਾਇਆ, ਜਿਸ ਨਾਲ ਉਸ ਨੂੰ ਕਾਫੀ ਵਿੱਤੀ ਸਹਾਰਾ ਮਿਲਿਆ ਅਤੇ ਇਸ ਵੇਲੇ ਇਹ 1 ਕਨਾਲ ਵਿੱਚ ਫੁੱਲਾਂ ਦੀ ਖੇਤੀ ਕਰ ਰਹੀ ਹੈ। ਇਸ ਦੀ ਆਮਦਨ ਨਾਲ ਉਹ ਐਮ. ਏ. ਪੰਜਾਬੀ (ਦੂਜਾ ਸਾਲ) ਗੁਰੂ ਨਾਨਕ ਕਾਲਜ ਬੁਢਲਾਡਾ ਤੋਂ ਕਰ ਰਹੀ ਹੈ ਅਤੇ ਉਹ ਆਪਣੇ ਪਰਿਵਾਰ ਦਾ ਵਿੱਤੀ ਸਹਾਰਾ ਵੀ ਬਣੀ ਹੈ। ਉਸਨੇ ਦੱਸਿਆ ਕਿ ਹੁਣ ਉਸ ਦੇ ਖੇਤ ਦੇ ਫੁੱਲ ਬਰੇਟਾ, ਬੁਢਲਾਡਾ, ਮਾਨਸਾ, ਸੁਨਾਮ, ਬਠਿੰਡਾ, ਜਾਖਲ, ਲੁਧਿਆਣਾ ਆਦਿ ਸ਼ਹਿਰਾਂ ਵਿੱਚ ਜਾ ਰਹੇ ਹਨ। ਉਸਨੇ ਦੱਸਿਆ ਕਿ ਗੇਂਦੇ ਦੇ ਫੁੱਲਾਂ ਦੀ ਤੁੜਾਈ ਕਰੀਬ 3 ਮਹੀਨੇ ਹੁੰਦੀ ਹੈ ਅਤੇ ਉਸਨੂੰ 40 ਹਜ਼ਾਰ ਦੇ ਕਰੀਬ ਬੱਚਤ ਹੋ ਜਾਂਦੀ ਹੈ, ਜਿਹੜੀ ਕਿ ਲਗਭਗ ਉਸ ਦੇ 1 ਕਿੱਲੇ ਦੇ ਕਣਕ-ਝੋਨੇ ਦੇ ਬਰਾਬਰ ਹੈ। ਉਸਨੇ ਦੱਸਿਆ ਕਿ ਉਹ ਬਾਗਬਾਨੀ ਵਿਭਾਗ ਮਾਨਸਾ ਨਾਲ ਵੀ ਤਾਲਮੇਲ ਵਿੱਚ ਹੈ ਅਤੇ ਵਿਭਾਗ ਵੱਲੋਂ ਵੀ ਸਮੇਂ-ਸਮੇਂ 'ਤੇ ਮਾਰਗ-ਦਰਸ਼ਨ ਕੀਤਾ ਜਾਂਦਾ ਹੈ। ਪਿਛਲੇ ਸਮੇਂ ਮੀਂਹਾਂ ਦੌਰਾਨ ਬੂਟੇ ਖਰਾਬ ਹੋ ਗਏ ਸਨ, ਜਿਸ 'ਤੇ ਵਿਭਾਗ ਵੱਲੋਂ ਉਸ ਨੂੰ ਬੂਟੇ ਭੇਜੇ ਗਏ। ਅਮਨਜੀਤ ਦਾ ਕਹਿਣਾ ਹੈ ਕਿ ਨੌਜਵਾਨਾਂ ਨੂੰ ਪੜ੍ਹਾਈ ਦੇ ਨਾਲ-ਨਾਲ ਹੀ ਆਤਮ-ਨਿਰਭਰ ਹੋਣ ਲਈ ਯਤਨ ਕਰਨੇ ਚਾਹੀਦੇ ਹਨ, ਤਾਂ ਜੋ ਉਹ ਅੱਗੇ ਜਾ ਕੇ ਸਫਲ ਹੋ ਸਕਣ।



### ਡਿਪਟੀ ਕਮਿਸ਼ਨਰ ਨਵਜੋਤ ਕੌਰ ਨੇ ਕੀਤੀ ਸ਼ਲਾਘਾ

ਡਿਪਟੀ ਕਮਿਸ਼ਨਰ ਮਾਨਸਾ ਨਵਜੋਤ ਕੌਰ ਆਈ. ਏ. ਐਸ. ਨੇ ਕਿਸਾਨ ਮੇਲੇ ਦੌਰਾਨ ਅਮਨਜੀਤ ਕੌਰ ਨਾਲ ਮੁਲਾਕਾਤ ਕੀਤੀ ਅਤੇ ਉਸ ਦੀ ਹੌਸਲਾ ਅਫਜ਼ਾਈ ਕੀਤੀ। ਉਨ੍ਹਾਂ ਕਿਹਾ ਕਿ ਭਾਵੇਂ ਅਮਨਜੀਤ ਥੋੜ੍ਹੇ ਰਕਬੇ ਵਿੱਚ ਫੁੱਲਾਂ ਦੀ ਕਾਸ਼ਤ ਕਰ ਰਹੀ ਹੈ, ਪਰ ਉਹ ਆਪਣੇ ਯਤਨਾਂ ਨਾਲ ਆਪਣੇ ਅਤੇ ਪਰਿਵਾਰ ਲਈ ਵਿੱਤੀ ਸਹਾਰਾ ਬਣੀ ਹੈ। ਉਨ੍ਹਾਂ ਕਿਹਾ ਕਿ ਜ਼ਿਲ੍ਹੇ ਦੇ ਨੌਜਵਾਨਾਂ ਲਈ ਮਿਸਾਲ ਹੈ, ਜਿਹੜੀ ਕਿ ਵਿਦੇਸ਼ ਜਾਣ ਦੀ ਬਜਾਏ ਆਪਣੇ ਪਿੰਡ ਵਿੱਚ ਹੀ ਮਿਹਨਤ ਕਰ ਰਹੀ ਹੈ।

 RNI/42269/83 (PUNPUN00806) Postage Registered No. PB/PTA/0338/2025-2027

# ਪੰਜਾਬ ਵਿੱਚ ਆਲੂਆਂ ਦੇ ਘੱਟ ਭਾਅ ਅਤੇ ਗੰਨੇ ਦੇ ਪ੍ਰਤੀ ਏਕੜ ਘਟੇ ਝਾੜ ਨੇ ਕਿਸਾਨਾਂ ਦਾ ਲੱਕ ਤੋੜਿਆ

## ਗੰਨਾ ਮਿਲਾਂ ਵਿੱਚ ਸਪਲਾਈ ਪੂਰੀ ਨਾ ਹੋਣ ਦਾ ਖਦਸ਼ਾ ਬਣਿਆ

ਪੰਜਾਬ ਦੇ ਕਿਸਾਨਾਂ ਨੂੰ ਪਹਿਲਾਂ ਆਲੂਆਂ ਦੇ ਘੱਟ ਭਾਅ ਅਤੇ ਹੜ੍ਹਾਂ ਦੀ ਮਾਰ ਨੇ ਆਰਥਿਕ ਤੌਰ 'ਤੇ ਝੰਬ ਕੇ ਰੱਖ ਦਿੱਤਾ, ਹੁਣ ਗੰਨੇ ਦੇ ਪ੍ਰਤੀ ਏਕੜ ਘਟੇ ਝਾੜ ਦੀ ਮਾਰ ਵੀ ਉਨ੍ਹਾਂ 'ਤੇ ਪਈ ਹੈ। ਇਸ ਵਾਰ ਅਸਥਿਰ ਮੌਸਮੀ ਹਾਲਾਤਾਂ ਨੇ ਗੰਨੇ ਦੀ ਫ਼ਸਲ ਨੂੰ ਭਾਰੀ ਝਟਕਾ ਦਿੱਤਾ ਹੈ। ਕਈ ਪ੍ਰਭਾਵਿਤ ਜ਼ਿਲ੍ਹਿਆਂ ਵਿੱਚ ਗੰਨੇ ਦਾ ਝਾੜ ਔਸਤਨ 35 ਤੋਂ 40 ਕੁਇੰਟਲ ਪ੍ਰਤੀ ਏਕੜ ਤੱਕ ਦਰਜ ਕੀਤਾ ਗਿਆ ਹੈ। ਆਮ ਹਾਲਾਤਾਂ ਵਿੱਚ ਜਿੱਥੇ ਗੰਨੇ ਦਾ ਝਾੜ ਕਰੀਬ 750-800 ਕੁਇੰਟਲ ਪ੍ਰਤੀ ਹੈਕਟੇਅਰ (300-320 ਕੁਇੰਟਲ ਪ੍ਰਤੀ ਏਕੜ) ਰਹਿੰਦਾ ਹੈ, ਉੱਥੇ ਇਸ ਵਾਰ ਪ੍ਰਭਾਵਿਤ ਖੇਤਰਾਂ ਵਿੱਚ ਇਹ ਘੱਟ ਕੇ ਲਗਭਗ 260-280 ਕੁਇੰਟਲ ਪ੍ਰਤੀ ਏਕੜ ਦੇ ਆਸ-ਪਾਸ ਰਹਿਣ ਦੀ ਸੰਭਾਵਨਾ ਜਤਾਈ ਗਈ ਹੈ। ਰਾਜ ਵਿੱਚ ਗੰਨੇ ਦੀ ਖੇਤੀ ਹੇਠ ਲਗਭਗ 1.90 ਤੋਂ 2.00 ਲੱਖ ਹੈਕਟੇਅਰ ਰਕਬਾ ਦਰਜ ਹੁੰਦਾ ਹੈ। ਖੇਤੀ ਮਾਹਿਰਾਂ ਅਨੁਸਾਰ ਜੇ ਔਸਤਨ 35-40 ਕੁਇੰਟਲ ਪ੍ਰਤੀ ਏਕੜ ਕਮੀ ਨੂੰ ਧਿਆਨ ਵਿੱਚ ਰੱਖਿਆ ਜਾਵੇ ਤਾਂ ਕੁੱਲ ਉਤਪਾਦਨ 'ਤੇ ਵੀ ਮਹੱਤਵਪੂਰਨ ਅਸਰ ਪੈਣਾ ਸੁਭਾਵਿਕ ਹੈ। ਜਾਣਕਾਰੀ ਅਨੁਸਾਰ ਪਿਛਲੇ ਸੀਜ਼ਨ ਦੀ ਸ਼ੁਰੂਆਤ ਕਰੀਬ 95 ਹਜ਼ਾਰ ਹੈਕਟੇਅਰ (ਲਗਭਗ 2.35 ਲੱਖ ਏਕੜ) ਵਿੱਚ ਗੰਨੇ ਦੀ ਬਿਜਾਈ ਨਾਲ ਹੋਈ ਸੀ। ਇਨ੍ਹਾਂ ਵਿੱਚੋਂ ਕਰੀਬ 40 ਹਜ਼ਾਰ ਏਕੜ ਰਕਬਾ ਹੜ੍ਹਾਂ ਨਾਲ ਪ੍ਰਭਾਵਿਤ ਹੋਇਆ, ਜਦੋਂਕਿ ਬਾਕੀ ਖੇਤਰ ਵਿੱਚ ਵੀ ਪੈਦਾਵਾਰ ਵਿੱਚ 35 ਤੋਂ 40 ਕੁਇੰਟਲ ਪ੍ਰਤੀ ਏਕੜ ਤੱਕ ਦੀ ਕਮੀ ਆਈ। ਪੰਜਾਬ ਵਿੱਚ ਹਰ ਸਾਲ ਤਕਰੀਬਨ 780 ਲੱਖ ਕੁਇੰਟਲ ਗੰਨਾ ਉਤਪਾਦਿਤ ਹੁੰਦਾ ਹੈ, ਜਿਸ ਵਿੱਚੋਂ ਲਗਭਗ 630 ਲੱਖ ਕੁਇੰਟਲ ਮਿਲਾਂ ਨੂੰ ਸਪਲਾਈ ਕੀਤਾ ਜਾਂਦਾ ਹੈ। ਨਿੱਜੀ ਮਿਲਾਂ ਕਰੀਬ 470 ਲੱਖ ਕੁਇੰਟਲ ਗੰਨਾ ਪ੍ਰੋਸੈਸ ਕਰਦੀਆਂ ਹਨ, ਜਦੋਂਕਿ ਬਾਕੀ ਮਾਤਰਾ ਸਹਿਕਾਰੀ ਖੰਡ ਮਿਲਾਂ ਵੱਲੋਂ ਕੀਤੀ ਜਾਂਦੀ ਹੈ। ਪਰ ਇਸ ਸੀਜ਼ਨ ਦੌਰਾਨ ਕੁਝ ਗੰਨਾ ਮਿੱਲਾਂ ਵੱਲੋਂ ਗੰਨਾ ਖਰੀਦਣ ਲਈ ਕਿਸਾਨਾਂ ਨਾਲ ਸਿੱਧਾ ਸੰਪਰਕ ਕੀਤਾ ਜਾ ਰਿਹਾ ਹੈ, ਤਾਂ ਜੋ ਕਿਸਾਨ ਆਪਣਾ ਗੰਨਾ ਸੰਬੰਧਿਤ ਮਿਲ ਨੂੰ ਹੀ ਵੇਚਣ। ਮਿੱਲ ਪ੍ਰਬੰਧਕਾਂ ਅਨੁਸਾਰ ਇਸ ਕਦਮ ਨਾਲ ਖਰੀਦ ਪ੍ਰਕਿਰਿਆ ਸੁਚਾਰੂ ਰਹੇਗੀ ਅਤੇ ਮਿਲਾਂ ਕੋਲ ਲਗਾਤਾਰ ਗੰਨੇ ਦੀ ਆਮਦ ਬਣੀ ਰਹੇਗੀ। ਗੰਨਾ ਨਕਦੀ ਫ਼ਸਲ ਹੋਣ ਕਰਕੇ ਹਜ਼ਾਰਾਂ ਕਿਸਾਨ ਪਰਿਵਾਰਾਂ ਦੀ ਆਮਦਨ ਇਸ ਨਾਲ ਜੁੜੀ ਹੈ। ਝਾੜ ਵਿੱਚ ਕਮੀ ਨਾਲ ਕਿਸਾਨਾਂ ਦੀ ਪ੍ਰਤੀ ਏਕੜ ਆਮਦਨ ਵਿੱਚ ਸਿੱਧਾ ਘਾਟਾ ਪੈਣ ਦੀ ਸੰਭਾਵਨਾ ਹੈ। ਖੇਤੀ ਖਰਚਿਆਂ ਵਿੱਚ ਵਧੇ ਅਤੇ ਖਾਦਾਂ ਦੀਆਂ ਕੀਮਤਾਂ ਦੇ ਮੱਦੇਨਜ਼ਰ ਇਹ ਘਾਟਾ ਹੋਰ ਵੀ ਭਾਰੀ ਸਾਬਤ ਹੋ ਸਕਦਾ ਹੈ। ਦੂਜੇ ਪਾਸੇ, ਰਾਜ ਦੀਆਂ ਗੰਨਾ ਮਿਲਾਂ ਲਈ ਵੀ ਇਹ ਸਥਿਤੀ ਚੁਣੌਤੀਪੂਰਨ ਬਣ ਸਕਦੀ ਹੈ। ਕੱਚੇ ਮਾਲ ਦੀ ਘਟਦੀ ਉਪਲੱਬਧਤਾ ਕਾਰਨ ਪਿੜਾਈ ਸੀਜ਼ਨ ਦੀ ਮਿਆਦ ਅਤੇ ਸਮਰੱਥਾ ਪ੍ਰਭਾਵਿਤ ਹੋਣ ਦੀ ਸੰਭਾਵਨਾ ਹੈ।

**ਸਰੋਂ ਨੂੰ ਬਿਮਾਰੀਆਂ ਤੋਂ ਬਚਾਓ**

# ਖੇਤੀਬਾੜੀ ਵਿਭਾਗ ਵੱਲੋਂ ਚਿੱਟੀ ਕੁੰਗੀ ਅਤੇ ਕਾਲੇ ਧੱਬਿਆਂ ਦੇ ਰੋਗ ਬਾਰੇ ਕਿਸਾਨਾਂ ਨੂੰ ਦਿੱਤੀ ਜਾਣਕਾਰੀ



ਮੁੱਖ ਖੇਤੀਬਾੜੀ ਅਫ਼ਸਰ ਫਾਜ਼ਿਲਕਾ ਡਾ. ਹਰਪ੍ਰੀਤਪਾਲ ਕੌਰ ਦੇ ਦਿਸ਼ਾ ਨਿਰਦੇਸ਼ਾ ਅਨੁਸਾਰ ਜ਼ਿਲ੍ਹੇ ਦੇ ਕਿਸਾਨ ਭਰਾਵਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਇਸ ਸਮੇਂ ਸਰੋਂ ਦੀ ਫਸਲ 'ਤੇ ਚਿੱਟੀ ਕੁੰਗੀ (White Rust) ਅਤੇ ਕਾਲੇ ਧੱਬਿਆਂ ਦਾ ਰੋਗ (Alternaria Blight) ਦਾ ਹਮਲਾ ਹੋ ਸਕਦਾ ਹੈ, ਜਿਸ ਨਾਲ ਉਪਜ ਅਤੇ ਗੁਣਵੱਤਾ ਵਿੱਚ ਕਾਫੀ ਘਾਟ ਆ ਸਕਦੀ ਹੈ। ਇਸ ਲਈ ਕਿਸਾਨ ਸਮੇਂ ਸਿਰ ਰੋਗਾਂ ਦੀ ਪਛਾਣ ਕਰਕੇ ਤੁਰੰਤ ਰੋਕਥਾਮ ਲਈ ਕਦਮ ਚੁੱਕਣ।

ਚਿੱਟੀ ਕੁੰਗੀ ਰੋਗ ਵਿੱਚ ਪੱਤਿਆਂ ਦੇ ਹੇਠਲੇ ਪਾਸੇ ਚਿੱਟੇ ਧੱਬੇ ਬਣ ਜਾਂਦੇ ਹਨ ਅਤੇ ਪੱਤੇ ਮੋਟੇ ਜਾਂ ਮੁੜ ਜਾਂਦੇ ਹਨ। ਕਈ ਵਾਰ ਫੁੱਲਾਂ ਅਤੇ ਫਲੀਆਂ ਦੀ ਬਣਤਰ ਵੀ ਵਿਗੜ ਜਾਂਦੀ ਹੈ। ਇਸ ਤੋਂ ਬਚਾਅ ਲਈ ਬੀਜ ਬੀਜਣ ਤੋਂ ਪਹਿਲਾਂ ਇਸ ਦਾ ਇਲਾਜ ਕਰਨਾ ਲਾਜ਼ਮੀ ਹੈ ਅਤੇ ਖੇਤ ਵਿੱਚ ਪਾਣੀ ਖੜ੍ਹਾ ਨਾ ਰਹਿਣ ਦਿੱਤਾ ਜਾਵੇ। ਰੋਗ ਦੇ ਲੱਛਣ ਦਿਖਣ 'ਤੇ ਮੈਟਾਲੈਕਸਿਲ + ਮੈਨਕੋਜ਼ੇਬ 2 ਗ੍ਰਾਮ ਪ੍ਰਤੀ ਲੀਟਰ ਪਾਣੀ ਵਿੱਚ ਘੋਲ ਕੇ ਪ੍ਰਤੀ ਏਕੜ ਲਈ ਛਿੜਕਾਅ ਕੀਤਾ ਜਾਵੇ ਅਤੇ ਲੋੜ ਹੋਣ 'ਤੇ 10-12 ਦਿਨ ਬਾਅਦ ਦੁਬਾਰਾ ਛਿੜਕਾਅ ਕੀਤਾ ਜਾਵੇ।

ਕਾਲੇ ਧੱਬਿਆਂ ਦੇ ਰੋਗ ਵਿੱਚ ਪੱਤਿਆਂ 'ਤੇ ਗੋਲ ਕਾਲੇ ਜਾਂ ਭੂਰੇ ਧੱਬੇ ਬਣ ਜਾਂਦੇ ਹਨ ਅਤੇ ਧੱਬਿਆਂ ਦੇ ਆਲੇ-ਦੁਆਲੇ ਪੀਲਾਪਣ ਆ ਸਕਦਾ ਹੈ। ਗੰਭੀਰ ਹਮਲੇ ਦੀ ਸਥਿਤੀ ਵਿੱਚ ਪੱਤੇ ਸੁੱਕ ਕੇ ਝੜ ਸਕਦੇ ਹਨ ਅਤੇ ਫਲੀਆਂ ਵੀ ਪ੍ਰਭਾਵਿਤ ਹੁੰਦੀਆਂ ਹਨ। ਇਸ ਰੋਗ ਤੋਂ ਬਚਾਅ ਲਈ ਫਸਲ ਚੱਕਰ ਅਪਣਾਇਆ ਜਾਵੇ ਅਤੇ ਇੱਕੋ ਖੇਤ ਵਿੱਚ ਲਗਾਤਾਰ ਸਰੋਂ ਦੀ ਕਾਸ਼ਤ ਨਾ ਕੀਤੀ ਜਾਵੇ। ਸੰਤੁਲਿਤ ਖਾਦਾਂ ਦੀ ਵਰਤੋਂ ਕੀਤੀ ਜਾਵੇ ਅਤੇ ਰੋਗ ਦੇ ਸ਼ੁਰੂਆਤੀ ਪੜਾਅ 'ਤੇ ਮੈਨਕੋਜ਼ੇਬ 2-2.5 ਗ੍ਰਾਮ ਲੀਟਰ ਪਾਣੀ ਵਿੱਚ ਘੋਲ ਕੇ ਪ੍ਰਤੀ ਏਕੜ ਲਈ ਛਿੜਕਾਅ ਕੀਤਾ ਜਾਵੇ।

ਡਾ. ਹਰਪ੍ਰੀਤਪਾਲ ਕੌਰ ਨੇ ਕਿਸਾਨਾਂ ਨੂੰ ਅਪੀਲ ਕੀਤੀ ਹੈ ਕਿ ਉਹ ਆਪਣੇ ਖੇਤਾਂ ਦੀ ਨਿਯਮਿਤ ਨਿਗਰਾਨੀ ਕਰਨ ਅਤੇ ਕਿਸੇ ਵੀ ਰੋਗ ਦੇ ਲੱਛਣ ਦਿਖਾਈ ਦੇਣ 'ਤੇ ਤੁਰੰਤ ਨੇੜਲੇ ਖੇਤੀਬਾੜੀ ਦਫ਼ਤਰ ਨਾਲ ਸੰਪਰਕ ਕਰਨ। ਸਮੇਂ ਸਿਰ ਰੋਕਥਾਮ ਕਾਰਵਾਈ ਕਰਕੇ ਸਰੋਂ ਦੀ ਫਸਲ ਨੂੰ ਬਿਮਾਰੀਆਂ ਤੋਂ ਬਚਾਇਆ ਜਾ ਸਕਦਾ ਹੈ ਅਤੇ ਵਧੀਆ ਪੈਦਾਵਾਰ ਪ੍ਰਾਪਤ ਕੀਤੀ ਜਾ ਸਕਦੀ ਹੈ।


ਖੇਤੀ ਦੁਨੀਆਂ

KHETI DUNIYAN
TID - 62763351

ਚੰਦੇ ਭਰਨ ਲਈ QR ਕੋਡ ਸਕੈਨ ਕਰੋ।

ਵਟਸਐਪ ਰਾਹੀਂ ਪ੍ਰਾਪਤ ਕਰਨ ਲਈ ਸਾਲਾਨਾ ਚੰਦਾ ਸਿਰਫ 100/- ਰੁਪਏ

ਡਾਕ ਰਾਹੀਂ ਪ੍ਰਾਪਤ ਕਰਨ ਲਈ

ਇੱਕ ਸਾਲ 500/- ਰੁਪਏ | ਦੋ ਸਾਲ 800/- ਰੁਪਏ

ਇੱਕ/ਦੋ ਸਾਲ ਦੇ ਮੈਂਬਰ ਬਣਨ ਤੋਂ ਬਾਅਦ ਵੱਟਸਐਪ ਰਾਹੀਂ ਸਰਵਿਸ ਮੁਫ਼ਤ ਪ੍ਰਾਪਤ ਕਰੋ।

ਖੇਤੀ ਦੁਨੀਆਂ

ਕੇ. ਡੀ. ਕੰਪਲੈਕਸ, ਗਊਸ਼ਾਲਾ ਰੋਡ, ਨੇੜੇ ਸ਼ੇਰੇ ਪੰਜਾਬ ਮਾਰਕਿਟ, ਪਟਿਆਲਾ-147001
ਵਧੇਰੇ ਜਾਣਕਾਰੀ ਲਈ 'ਤੇ ਸੰਪਰਕ ਕਰੋ : ਮੋ. 90410-14575
Website : www.khetiduniyan.in
E-mail : khetiduniyan1983@gmail.com


# ਮੌਸਮੀ ਤਪਸ਼ ਵਿੱਚ ਅਚਾਨਕ ਵਾਧਾ ਕਣਕ ਦੀ ਫ਼ਸਲ ਲਈ ਨੁਕਸਾਨਦੇਹ

ਪਿਛਲੇ ਦਿਨਾਂ ਤੋਂ ਪੰਜਾਬ ਅੰਦਰ ਫਰਵਰੀ ਮਹੀਨੇ ਅਚਾਨਕ ਵੱਧ ਰਹੀ ਮੌਸਮੀ ਤਪਸ਼ ਨੇ ਕਿਸਾਨ ਵਰਗ ਨੂੰ ਚਿੰਤਾ ਦੇ ਗਹਿਰੇ ਸਮੁੰਦਰ ਅੰਦਰ ਧੱਕਣਾ ਸ਼ੁਰੂ ਕਰ ਦਿੱਤਾ ਹੈ, ਕਿਉਂਕਿ ਮੌਜੂਦਾ ਸਮੇਂ ਕਣਕ ਦੀ ਅਗੇਤੀ ਫ਼ਸਲ ਨਿਸਾਰੇ 'ਤੇ ਹੈ, ਜਿਸ ਕਾਰਨ ਜੇਕਰ ਫ਼ਸਲ ਨੂੰ ਮੌਸਮ ਇਕੋ ਜਿਹਾ ਤੇ ਠੰਢਾ ਮਿਲੇ ਤਾਂ ਆਮ ਤੌਰ 'ਤੇ ਇਹ ਮੰਨਿਆ ਜਾਂਦਾ ਹੈ ਕਿ ਫ਼ਸਲ ਦਾ ਝਾੜ ਵਧੀਆ ਹੋਵੇਗਾ, ਪਰੰਤੂ ਪਿਛਲੇ ਦਿਨਾਂ ਤੋਂ ਅਚਾਨਕ ਵੱਧ ਰਹੀ ਮੌਸਮੀ ਤਪਸ਼ ਖੇਤੀ ਖੇਤਰ ਲਈ ਨੁਕਸਾਨਦੇਹ ਮੰਨੀ ਜਾ ਰਹੀ ਹੈ। ਇਸ ਵਾਰ ਬਹੁਤੇ ਕਿਸਾਨਾਂ ਵੱਲੋਂ ਕਣਕ ਦੇ ਪੀ. ਬੀ. ਡਬਲਯੂ.-872 ਤੋਂ ਇਲਾਵਾ ਐਚ. ਡੀ.-327 ਅਤੇ 372 ਆਦਿ ਬੀਜਾਂ ਦੀ ਬਿਜਾਈ ਕੀਤੀ ਗਈ ਹੈ। ਕਣਕ ਦੀ ਵਢਾਈ ਵਿੱਚ ਮਹਿਜ਼ ਡੇਢ ਮਹੀਨਾ ਬਾਕੀ ਬਚਿਆ ਹੈ, ਜਿਸ ਨੂੰ ਵੇਖਦੇ ਹੋਏ ਮੌਸਮ ਵਿੱਚ ਅਚਾਨਕ ਵੱਧ ਰਹੀ ਤਪਸ਼ ਫ਼ਸਲ ਲਈ ਖਤਰਨਾਕ ਸਾਬਤ ਹੋ ਸਕਦੀ ਹੈ। ਇਸ ਸੰਬੰਧੀ ਆਪਣਾ ਦੁੱਖੜਾ ਸਾਂਝਾ ਕਰਦਿਆਂ ਮਲੇਰਕੋਟਲਾ ਇਲਾਕੇ ਦੇ ਕਿਸਾਨਾਂ ਉੱਘੇ ਸਿੱਖ ਬੁੱਧੀਜੀਵੀ ਜਥੇਦਾਰ ਗੁਰਦੇਵ ਸਿੰਘ ਸੰਗਾਲਾ, ਸਾਬਕਾ ਚੇਅਰਮੈਨ ਪ੍ਰਦੁੱਮਣ ਸਿੰਘ ਸਿੱਧੂ ਦਲੇਲਗੜ੍ਹ, ਪ੍ਰਧਾਨ ਜਰਨੈਲ ਸਿੰਘ ਭੋਗੀਵਾਲ, ਕਿਸਾਨ ਆਗੂ ਸੁਖਵਿੰਦਰ ਸਿੰਘ ਚੁੰਘਾ, ਸਹਿਕਾਰੀ ਸਭਾਵਾਂ ਦੇ ਪ੍ਰਧਾਨ ਅਵਤਾਰ ਸਿੰਘ ਤਾਰੀ ਤੇ ਨਾਰੰਗ ਸਿੰਘ ਰੰਗੀ ਨੇ ਕਿਹਾ ਕਿ ਪੰਜਾਬ ਦੇ ਅੰਦਰ ਅਗੇਤੀ ਕਣਕ ਦੀ ਫ਼ਸਲ ਨਿਸਰ ਰਹੀ ਹੋਣ ਕਾਰਨ ਉਸ ਨੂੰ ਠੰਢੇ ਮੌਸਮ ਦੀ ਲੋੜ ਹੈ। ਪਰੰਤੂ ਹੁਣ ਪਿਛਲੇ ਦਿਨਾਂ ਤੋਂ ਅਚਾਨਕ ਮੌਸਮ ਵਿੱਚ ਆਈ ਵੱਡੀ ਤਬਦੀਲੀ ਨੇ ਤਾਪਮਾਨ ਵਿੱਚ ਅਚਾਨਕ ਵਾਧਾ ਕਰ ਦਿੱਤਾ ਹੈ, ਜਿਸ ਦੇ ਕਣਕ ਦੀ ਫ਼ਸਲ ਲਈ ਖਤਰਨਾਕ ਸਾਬਤ ਹੋਣ ਦਾ ਖਦਸ਼ਾ ਹੈ, ਕਿਉਂਕਿ ਗਰਮੀ ਕਾਰਨ ਫ਼ਸਲ ਦੇ ਦਾਣੇ ਵਿਚਲਾ ਦੁੱਧ ਸੁੱਕ ਕੇ ਵਜ਼ਨ ਘੱਟ ਸਕਦਾ ਹੈ। ਗਰਮੀ ਕਾਰਨ ਤੇਲੇ ਵਰਗੀਆਂ ਬਿਮਾਰੀਆਂ ਫ਼ਸਲ ਨੂੰ ਆਪਣੀ ਗ੍ਰਿਫਤ ਵਿੱਚ ਲੈ ਲੈਂਦੀਆਂ ਹਨ। ਕਿਸਾਨ ਆਗੂਆਂ ਨੇ ਕਿਹਾ ਕਿ ਇਸ ਤੋਂ ਪਹਿਲਾਂ ਝੋਨੇ ਦੀ ਫ਼ਸਲ ਦਾ ਝਾੜ ਵੀ ਬੁਰੀ ਤਰ੍ਹਾਂ ਘੱਟ ਜਾਣ ਕਾਰਨ ਕਿਸਾਨਾਂ ਦੇ ਖਰਚੇ ਵੀ ਨਹੀਂ ਪੂਰੇ ਹੋਏ ਸਨ, ਪਰੰਤੂ ਹੁਣ ਮੌਸਮ ਦੀ ਬਦਲ ਰਹੀ ਕਰਵਟ ਦੇ ਚੱਲਦਿਆਂ ਕਿਸਾਨ ਵਰਗ ਅੰਦਰ ਚਿੰਤਾ ਦਾ ਮਾਹੌਲ ਪਨਪ ਰਿਹਾ ਹੈ।



ਭੈਣੀਬਾਘਾ (ਮਾਨਸਾ) ਵਿੱਚ ਕਿਸਾਨ ਆਗੂ ਰਾਮ ਸਿੰਘ ਕਣਕ ਦੀ ਫ਼ਸਲ ਦੀ ਸਿੰਚਾਈ ਕਰਦਾ ਹੋਇਆ।

## ਮੌਸਮ ਵੇਖ ਕੇ ਫ਼ਸਲ ਨੂੰ ਲਗਾਇਆ ਜਾਵੇ ਪਾਣੀ : ਖੇਤੀ ਮਾਹਿਰ

ਮੌਸਮ ਵਿੱਚ ਅਚਾਨਕ ਹੋ ਰਹੀ ਤਬਦੀਲੀ ਸੰਬੰਧੀ ਖੇਤੀਬਾੜੀ ਮਾਹਿਰਾਂ ਦਾ ਆਖਣਾ ਹੈ ਕਿ ਭਾਵੇਂ ਮੌਜੂਦਾ ਸਮੇਂ ਕਣਕ ਦੀ ਫ਼ਸਲ ਦੇ ਨਿਸਾਰੇ 'ਤੇ ਹੋਣ ਕਾਰਨ ਉਸ ਨੂੰ ਠੰਢਕ ਭਰਿਆ ਮੌਸਮ ਚਾਹੀਦਾ ਹੈ, ਪਰ ਵੱਧ ਰਹੇ ਤਾਪਮਾਨ ਦੇ ਚੱਲਦਿਆਂ ਕਈ ਕਿਸਾਨ ਫ਼ਸਲ ਨੂੰ ਵੇਖੋ-ਵੇਖੀ ਜ਼ਿਆਦਾ ਪਾਣੀ ਲਗਾ ਰਹੇ ਹਨ, ਉਹ ਵੀ ਠੀਕ ਨਹੀਂ ਹੈ। ਗਰਮ ਮੌਸਮ ਦੌਰਾਨ ਭਾਵੇਂ ਫ਼ਸਲ ਨੂੰ ਪਾਣੀ ਦੀ ਜ਼ਰੂਰਤ ਹੁੰਦੀ ਹੈ, ਪਰ ਫਿਰ ਵੀ ਕਣਕ ਦੀ ਫ਼ਸਲ ਨੂੰ ਮੌਸਮ ਵੇਖ ਕੇ ਹੀ ਪਾਣੀ ਲਗਾਇਆ ਜਾਵੇ ਤਾਂ ਜੋ ਤੇਜ਼ ਹਵਾਵਾਂ ਦੇ ਕਾਰਨ ਫ਼ਸਲ ਜ਼ਮੀਨ 'ਤੇ ਨਾ ਡਿੱਗ ਸਕੇ।